ਸਰਪ੍ਰਸਤ ਬ੍ਰਹਮਗਿਆਨੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਅਜੂਨੀ

ਜੂਨ, ਜੁਲਾਈ ਅਗਸਤ 1977

## ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ



ਜੋ ਅਜ ਕਲ ਪ੍ਰਦੇਸਾਂ ਵਿਚ ਗੁਰੂ ਨਾਨਕ ਦੇਵ ਜੀ ਦੇ
ਉਪਦੇਸ਼ਾਂ ਦਾ ਪ੍ਰਚਾਰ ਕਰ ਰਹੇ ਹਨ ।

# ਲੇਖ ਸੂਚੀ


| | | | |
|---|---|---|---|
| 1. | ਗੁਰਬਾਕ | ... ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ | 3 |
| 2. | ਗੁਰ ਦੀਖਿਆ | ... ਮੁਖ ਲੇਖ | 5 |
| 3. | ਸ੍ਰੀ ਬੀਰ ਮ੍ਰਿਗੇਸ ਗੁਰ ਬਿਲਾਸ ਦੇਵਤਰੂ | ... ਪੁਰਾਤਨ ਵਿਰਸਾ | 8 |
| 4. | Nanak Panthis | ... Dr. Ganda Singh | 13 |
| 5. | ਊਨੇ ਦਾ ਪਿਛੋਕੜ ਇਤਿਹਾਸ | ... ਮੁਨਸ਼ੀ ਜਸਵੰਤ ਸਿੰਘ | 17 |
| 6. | ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ | ... ਡਾ. ਗੰਡਾ ਸਿੰਘ | 18 |
| 7. | The Cinderella of Himachal | ... U. K. Bhanot | 24 |
| 8. | ਤੂੰ ਹੀ ਨਿਰੰਕਾਰ | ... ਕਵਿਤਾ | 24 |
| 9. | ਸ੍ਰੀ ਗੁਰੂ ਨਾਨਕ ਦੇਵ ਜੀ | ... ਅਮਰ ਸਿੰਘ ਦੁਸਾਂਝ | 25 |




ਦਮਦਮਾ ਅਸਥਾਨ ਮਨਸੂਰਾਂ ਵਿਖੇ ਉਸਰ ਰਹੀ ਦਰਸ਼ਨੀ ਡਿਉਢੀ ਦਾ ਦ੍ਰਿਸ਼ ।

੧ ੳ

ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ-ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ

ਸਰ-ਪ੍ਰਸਤੀ ਹੇਠ ਛਪਣ ਵਾਲਾ


ਮਾਸਕ ਪੱਤਰ

# ਅਜੂਨੀ

ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 8] ਜੂਨ, ਜੁਲਾਈ, ਅਗਸਤ 1977 ਅੰਕ 6, 7, 8


## ਮਾਝ ਮਹਲਾ ੫ ਘਰ ੪

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥

## ਭਾਵ ਅਰਥ :–

'ਅਸੁਨਿ ਪਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ।'

ਅਸੂ ਮਹੀਨੇ ਵਿਚ ਪ੍ਰੇਮ ਨੇ ਉਛਾਲਾ ਮਾਰਿਆ ਪ੍ਰੀਤਮ ਦੇ ਮਿਲਣ ਦੇ ਖਿਆਲ ਨਾਲ ਕਿ ਕੇਹੜਾ ਢੰਗ ਹੋਵੇ ਜਿਸ਼ ਕਰਕੇ ਪਤੀ ਪ੍ਰਮਾਤਮਾ ਨੂੰ ਜਲਦੀ ਹੀ ਮਿਲ ਪਵਾਂ ।

'ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣ ਮਿਲਾਵੈ ਮਾਇ ॥'

ਮੇਰੇ ਮਨ ਨੂੰ ਅਤੇ ਸ਼ਰੀਰ ਨੂੰ ਬੜੀ ਦਰਸ਼ਨ ਦੀ ਤਾਂਘ ਹੈ ਕੋਈ ਮੇਰੇ ਪ੍ਰੀਤਮ ਨੂੰ ਮਿਲਾ ਦੇਵੇ ।

ਯਥਾ ਕੋਈ ਆਣ ਮਿਲਾਵੈ ਮੇਰਾ ਪ੍ਰੀਤਮ ਪਿਆਰਾ ਹਉ ਤਿਸੁ ਪਹਿ ਆਪ ਵੇਚਾਈਂ ॥੧॥ ਕਿੰਨੀ ਪ੍ਰੀਤਮ ਤੇ ਮਿਲਾਪ ਦੀ ਤੜਪ ਹੈ ।

'ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੇ ਲਾਗਾ ਪਾਇ ॥'

ਭਾਵ ਕੋਈ ਮਹਾਂ ਪੁਰਸ਼ਾਂ ਸੰਤਾਂ ਨਾਲ ਪ੍ਰੇਮ ਕਰੇ ਤਾਂ ਉਹ ਉਹਨਾਂ ਦੇ ਸਹਾਈ ਹੁੰਦੇ ਹਨ । ਮੈਂ ਉਹਨਾਂ ਦੇ ਪੈਰੀ ਪੈਂਦਾ ਹਾਂ ਉਹ ਮੇਰੇ ਇਸ ਮਿਲਾਪ ਦੇ ਕੰਮ ਵਿਚ ਸਹਾਇਤਾ ਕਰਨਗੇ ।

'ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ।'

ਬਿਨਾ ਪ੍ਰਭੂ ਤੋਂ ਹੋਰ ਕੋਈ ਜਗਾ ਟਕਾਣਾ ਨਹੀਂ ਹੈ, ਜਿਥੇ ਸੁਖ ਮਿਲੇ ।

ਤਥਾ—ਜਉ ਸੁਖ ਕਉ ਚਾਹੇ ਸਦਾ ਸਰਣ ਰਾਮ ਕੀ ਲੇਇ ॥

'ਜਿਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥'

ਜਿਨ੍ਹਾਂ ਨੇ ਉਸ ਪ੍ਰੇਮ ਰਸ ਨੂੰ ਚਖਿਆ ਅਨੁਭਵ ਕੀਤਾ ਉਹਨਾਂ ਦੀ ਭੁਖ ਨਹੀਂ ਰਹੀ ਉਹ ਤ੍ਰਿਪਤ ਹੋ ਗਏ । ਸੋ ਜਾਣੈ ਜਿਨ ਚਾਖਿਆ ਹਰ ਨਾਮ ਅਮੋਲਾ ।

'ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜ ਲਾਇ ।'

ਆਪਾ ਭਾਵ ਤਿਆਗ ਕੇ ਬੇਨਤੀ ਕਰਦਾ ਹਾਂ ਕਿ ਹੇ ਪ੍ਰਭੂ ਮੈਨੂੰ ਆਪਣੇ ਲੜ ਲਾ ਲਓ । (ਮੋਹਿ ਦੂਜੀ ਨਾਹੀ ਠਉਰ ਜਿਸ ਪਹਿ ਹਮ ਜਾਵਹਿਗੇ)

'ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ।'

ਜੀਵ ਰੂਪ ਇਸਤਰੀਆਂ ਜਿਹੜੀਆਂ ਹਰੀ ਰੂਪ ਮਾਲਕ ਨੇ ਮਿਲਾ ਲਈਆਂ ਹਨ ਵਿਛੜ ਕੇ ਕਿਸੇ ਦੂਜੀ ਥਾਂ ਤੇ ਨਹੀਂ ਜਾਂਦੀਆਂ ।

'ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ।'

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਤੋਂ ਬਿਨਾਂ ਇਹੋ ਜਿਹਾ ਹੋਰ ਕੋਈ ਨਹੀਂ, ਮੈਂ ਉਹਦੀ ਸ਼ਰਨ ਆਇਆ ਹਾਂ ।

'ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥'

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਅਸੂ ਮਹੀਨੇ ਵਿਚ ਜੀਵ ਰੂਪੀ ਇਸਤਰੀਆਂ ਉਹ ਸੁਖੀ ਵਸਦੀਆਂ ਹਨ ਜਿਨਾਂ ਉਤੇ ਹਰੀ ਰਾਇ ਹਰੀ ਰਾਜਾ ਨਿਰੰਕਾਰ ਦੀ ਮਿਹਰ ਹੋਵੇ ।

(ਦਾਸ ਜਸਵੰਤ ਸਿੰਘ ਮੁਨਸ਼ੀ)

ੴ ਸਤਿਗੁਰਪ੍ਰਸਾਦਿ ॥

# ਗੁਰ-ਦੀਖਿਆ

ਇਕ ਦਿਨ ਮਹਾਰਾਜ ਬਾਬਾ ਖੇਮ ਸਿੰਘ ਸਾਹਿਬ ਬੇਦੀ ਬੰਸ ਅਵਿਤੰਸ਼ ਦੇ ਦਰਬਾਰ ਵਿਚ ਅਵਤਾਰਾਂ ਦੇ ਪ੍ਰਸੰਗ ਦਾ ਚਰਚਾ ਚਲਿਆ ਤਿਸਤਰ ਮੈਂ ਅਵਤਾਰ ਸਿੰਘ ਨੇ ਸਾਹਿਬ ਜੀ ਅੱਗੇ ਬੇਨਤੀ ਕੀਤੀ ਜੀ ਸਚੇ ਪਾਤਸ਼ਾਹ ਜੀ ਇਕ ਮੇਰਾ ਸੰਸਾ ਹੈ ਕ੍ਰਿਪਾ ਕਰਕੇ ਇਸ ਨੂੰ ਦੂਰ ਕਰੀਏ ॥ ਪ੍ਰਸ਼ਨ ਇਹ ਹੈ ਕਿ ਰਾਮਚੰਦ੍ਰ ਕ੍ਰਿਸ਼ਨਚੰਦ੍ਰ ਆਦਿਕ ਜਿਸ ਤਰਾਂ ਦੇ ਅਵਤਾਰ ਹੋਏ ਇਸੀ ਤਰਾਂ ਦੇ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਭੀ ਅਵਤਾਰ ਹੋਏ ਅਥਵਾ ਕਿਸੀ ਹੋਰ ਪ੍ਰਕਾਰ ਦੇ ?

ਤਿਸਪਰ ਸਾਹਿਬ ਜੀ ਨੇ ਉਤਰ ਦਿਤਾ-ਸ੍ਰੀ ਗੁਰੂ ਜੀ ਦਾ ਬਚਨ ਹੈ ॥

ਏਕਾਮਾਈ ਜੁਗਤ ਵਿਆਈ ਤਿਨ ਚੇਲੇ ਪਰਵਾਣ ॥
ਇਕੁ ਸੰਸਾਰੀ ਇਕੁ ਭੰਡਾਰੀ ਇਕ ਲਾਏ ਦੀਬਾਣ ॥
ਜਿਵ ਤਿਸ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣ ॥
ਓਹ ਵੇਖੈ ਓਨਾ ਨਦਰ ਨ ਆਵੈ ਬਹੁਤਾ ਏਹੁ ਵਿਡਾਣ ॥

ਅਰਥ

ਇਕ ਜੋ ਅਮਾਈ ਅਰਥਾਤ ਨਿਰੰਜਨ ਨਿਰੰਕਾਰ ਹੈ, ਉਸਦੀ ਜੁਗਤਿ ਅਰਥਾਤ ਤਜਵੀਜ਼ (ਤਰਕੀਬ) ਜਿਸ ਨੂੰ ਮਾਇਆ ਕਹੀਦਾ ਹੈ ਓਹ ਵਿਆਈ ਅਰਥਾਤ ਪ੍ਰਸੂਤ ਹੋਈ ਸੋ ਉਸ ਜੁਗਤਿ ਦੇ ਕਾਰਜ ਰੂਪ ਤਿੰਨ ਚੇਲੇ ਉਤਪੰਨ ਹੋਏ ਜਿਨਾਂ ਦਾ ਨਾਉਂ ਬ੍ਰਹਮਾ, ਵਿਸ਼ਨੁ, ਸ਼ਿਵ, ਸੰਸਾਰ ਦੀ ਉਤਪਤੀ ਪਾਲਨ ਤੇ ਸੰਘਾਰ ਕਰਨ ਵਾਲੇ ਹੋਏ : ਅਰਥਾਤ ਜਗਤ ਦੇ ਉਤਪੰਨ ਕਰਨਹਾਰਾ ਬ੍ਰਹਮਾ ਕਹੀਏ ਰਜੋ ਗੁਣ। ਪਾਲਨਾ ਕਰਨਹਾਰਾ ਵਿਸ਼ਨੁ ਕਹੀਏ ਸਤੋ ਗੁਣ। ਸੰਘਾਰ ਕਰਨਹਾਰਾ ਸ਼ਿਵ ਕਹੀਏ ਤਮੋ ਗੁਣ ! ਇਹ ਤਿਨ ਚੇਲੇ ਹੋਂਦੇ ਹੋਏ ॥

ਸੋ ਓਹ ਨਿਰੰਜਨ ਨਿਰੰਕਾਰ ਇਨ੍ਹਾਂ ਨੂੰ ਦੇਖਦਾ ਤੇ ਇਨ੍ਹਾਂ ਪੁਤਲੀਆਂ ਥੋਂ ਮਦਾਰੀ ਦੀ ਨਿਆਈਂ ਕਾਰਜ ਲੈਂਦਾ ਹੈ। ਪਰ ਏਹ ਉਸਨੂੰ ਨਹੀਂ ਦੇਖਦੇ ! ਸੋ ਇਸ ਪ੍ਰਕਾਰ ਏਹ ਸਤੋ ਰਜੋ ਤਮੋ ਗੁਣ ਪ੍ਰਧਾਨ ਜੋ ਤਿੰਨ ਦੇਵਤੇ ਹੈਨ ਸੋ ਉਸ ਅਕਾਲ ਪੁਰਖ ਦੀ ਮਾਯਾ ਦਾ ਕਾਰਜ ਹੈਨ। ਤੇ ਰਾਮ ਕ੍ਰਿਸ਼ਨ ਆਦਿਕ ਦਸ ਅਵਤਾਰ ਅਥਵਾ ਚਵੀ ਅਵਤਾਰ ਹੋਏ ਹੈਨ

ਇਨ੍ਹਾਂ ਵਿਚੋਂ ਕੋਈ ਸਤੋ ਗੁਣ ਰੂਪ ਵਿਸ਼ਨੂ ਜੀ ਦੇ ਅਵਤਾਰ ! ਤੇ ਕੋਈ ਰਜੋ ਗੁਣ ਰੂਪ ਬ੍ਰਹਮਾ ਜੀ ਦੇ ਅਤੇ ਕੋਈ ਤਮੋ ਗੁਣ ਰੂਪ ਸ਼ਿਵਜੀ ਦੇ ਅਵਤਾਰ ਹੋਏ ਪਰ ਗੁਰੂ ਨਾਨਕ ਜੀ ਮਹਾਰਾਜ ਦਾ ਜੋ ਅਵਤਾਰ ਹੋਯਾ ਸੋ ਸਤੋ ਰਜੋ ਤਮੋ ਇਨ੍ਹਾਂ ਤਿਨਾਂ ਗੁਣਾਂ ਵਿਚੋਂ ਨਹੀਂ ਹੋਇਆ, ਅਰਥਾਤ ਤ੍ਰਿਗੁਣ ਅਤੀਤ ਹੋਇਆ ਹੈ। ਅਤੇ ਇਨ੍ਹਾਂ ਨਾਲ ਜੋ ਮਨ ਬਚ ਕਰਮ ਕਰਕੇ ਮਿਲਿਆ ਹੈ ਉਸ ਨੂੰ ਭੀ ਤ੍ਰਿਗੁਣ ਅਤੀਤ ਕਰ ਦੇਂਦੇ ਰਹੇ ਹੈਨ। ਸੋ ਜੋ ਆਪ ਤ੍ਰਿਗੁਣ ਅਤੀਤ ਹੋਵੇ ਓਹੀ ਦੂਜੇ ਨੂੰ ਭੀ ਤ੍ਰਿਗੁਣ ਅਤੀਤ ਕਰ ਸਕਦਾ ਹੈ। ਤੇ ਜੋ ਆਪ ਤ੍ਰਿਗੁਣਾਂ ਵਿਚ ਹੈ ਉਹ ਦੂਜੇ ਨੂੰ ਤ੍ਰਿਗੁਣ ਅਤੀਤ ਨਹੀਂ ਕਰ ਸਕਦਾ। ਸੋ ਸਗੁਣ ਦੇ ਅਵਤਾਰ ਭੀ ਸਗੁਣ ਅਤੇ ਨਿਰਗੁਣ ਦੇ ਅਵਤਾਰ ਭੀ ਨਿਰਗੁਣ ਹੋਂਦੇ ਹੈਨ ਇਸ ਲਈ ਏਹ ਸਿੱਧ ਹੈ ਕਿ ਰਾਮਚੰਦ੍ਰ ਕ੍ਰਿਸ਼ਨਚੰਦ੍ਰ ਆਦਿਕ ਸਤੋ ਗੁਣ ਵਿਸ਼ਨ ਜੀ ਦੇ ਅਵਤਾਰ ਹੈਨ। ਅਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨਿਰਗੁਣ ਨਿਰੰਕਾਰ ਜੀ ਦੇ ਅਵਤਾਰ ਹੈਨ। ਸੋ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੂੰ ਵਿਸ਼ਨ ਜੀ ਦਾ ਅਵਤਾਰ ਮੰਨਣਾ ਸ੍ਰੀ ਗੁਰੂ ਜੀ ਮਹਾਰਾਜ ਜੀ ਦੀ ਉਸਤਤਿ ਬਿਆਜ ਨਿੰਦਿਆ ਹੈ ਮਹਾਰਾਜ ਜੀ ਪਰ ਏਹ ਬਚਨ ਠੀਕ ਬਣ ਆਉਂਦਾ ਹੈ॥

"ਤੇਰੀ ਉਪਮਾ ਤੋਹਿ ਬਨ ਆਵੈ" ॥

ਸੋ ਅਕਹਿ ਪਦ ਮਹਾਰਾਜ ਜੀ ਦਾ ਹੈ॥

ਮੇਰਾ ਪ੍ਰਸ਼ਨ—ਰਾਮਚੰਦ੍ਰ ਕ੍ਰਿਸ਼ਨਚੰਦ੍ਰ ਆਦਿਕਾਂ ਨੇ ਸੰਸਾਰ ਪਰ ਉਪਕਾਰ ਅਧਿਕ ਕੀਤੇ ਅਥਵਾ ਗੁਰੂ ਨਾਨਕ ਜੀ ਮਹਾਰਾਜ ਨੇ ॥

ਸਾਹਿਬ ਜੀ ਦਾ ਉਤ੍ਰ—ਰਾਮਚੰਦ੍ਰ ਕ੍ਰਿਸ਼ਨਚੰਦ੍ਰ ਆਦਿਕਾ ਦਾ ਕੇਵਲ ਇਤਨਾ ਹੀ ਉਪਕਾਰ ਸੰਸਾਰ ਪਰ ਹੋਇਆ, ਓਨਾਂ ਨੇ ਦੈਤਾਂ ਦਾ ਸੰਘਾਰ ਕੀਤਾ। ਬਸ ਛੁਟੀ ॥

ਅਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਦਸ ਅਵਤਾਰ ਧਾਰ ਕੇ ਉਨ੍ਹਾਂ ਅਵਤਾਰਾਂ ਵਾਲਾ ਉਪਕਾਰ ਭੀ ਕੀਤਾ ਅਤੇ ਪਾਪੀ ਜੀਵਾਂ ਦੀ ਭਗਤਿ ਜੋਗ ਵੈਰਾਗ ਅਤੇ ਗਿਆਨ ਦਾ ਉਪਦੇਸ਼ ਦੇਕਰ ਕਲਿਆਨ ਕੀਤੀ।

ਇਕ ਪਦਾਰਥ ਦੀ ਅਵੱਸ਼ਿਕ (ਲਾਜ਼ਮੀ) ਲੋੜ ਹੋਂਦੀ ਹੈ। ਅਤੇ ਇਕ ਦੀ ਵੱਸ਼ਿਕ (ਅਖਤਿਆਰੀ) ਮਾਨੁਖ ਮਾਤ੍ਰ ਲਈ ਚਾਹੇ ਓਹ ਸਾਖਿਆਤ ਈਸ਼ਰ ਦਾ ਹੀ ਅਵਤਾਰ ਕਿਉਂ ਨਾ ਹੋਵੇ ਸਭ ਨੂੰ ਗੁਰੂ ਦੀ ਲੋੜ ਅਵੱਸ਼ਿਕ ਹੈ। ਬਿਨਾਂ ਗੁਰੂ ਦੇ ਅਵਤਾਰਾਂ ਦੀ ਭੀ ਗਤੀ ਨਹੀਂ ਹੋ ਸਕਦੀ। ਤੇ ਮਾਨੁਖ ਮਾਤ੍ਰ ਨੂੰ ਅਵਤਾਰਾਂ ਦੀ ਲੋੜ ਵੱਸ਼ਕ ਹੈ। ਅਰਥਾਤ ਲਾਜ਼ਮੀ ਨਹੀਂ ਬਿਨਾਂ ਅਵਤਾਰੀਂ ਦੇ ਆਸਰੇ ਲਏ ਭੀ ਗੁਜਾਰਾ ਹੋ ਜਾਂਦਾ ਹੈ। ਬਲਕਿ ਚੰਗਾ ਗੁਜ਼ਾਰਾ ਹੋਂਦਾ ਹੈ ਜੋ ਕੁਦਰਤ ਰੂਪ ਅਵਤਾਰਾਂ ਵਿਚ ਨਾ ਫਸਕੇ ਕੇਵਲ ਕਾਦਰ ਦੀ ਭਜਨ ਬੰਦਗੀ ਕਰਕੇ ਬਹੁਤ ਲਾਭ ਉਠਾਉਂਦੇ ਹੈਨ॥

ਮੇਰਾ ਪ੍ਰਸ਼ਨ—ਜਨਕ ਵਸਿਸ਼ਟ ਬਿਆਸਦੇਵ ਆਦਿਕ ਜੋ ਗੁਰੂ ਹੋਏ ਹੈਨ, ਉਸੀ ਪ੍ਰਕਾਰ ਦੇ ਗੁਰੂ ਨਾਨਕ ਜੀ ਮਹਾਰਾਜ ਭੀ ਗੁਰੂ ਹੋਏ, ਅਥਵਾ ਕੁਛ ਹੋਰ ਭੇਦ ਹੈ॥

ਸਾਹਿਬ ਜੀ ਦਾ ਉਤ੍ਰ—ਪਿਛਲੇ ਗੁਰੂ ਜੋ ਹੋਏ ਸੋ ਯੋਗਕ ਲਖਣਾਂ ਕਰਕੇ ਗੁਰੂ ਹੋਏ।

ਅਰਥਾਤ ਉਨ੍ਹਾਂ ਨੇ ਕਮਾਈਆਂ ਕੀਤੀਆਂ ਤੇ ਲੋਕਾਂ ਨੇ ਉਨ੍ਹਾਂ ਨੂੰ ਚੰਗਾ ਸਮਝਕੇ ਗੁਰੂ ਧਾਰਨ ਕੀਤਾ ਤਦ ਓਹ ਗੁਰੂ ਪਦਵੀ ਨੂੰ ਪ੍ਰਾਪਤਿ ਹੋਏ। ਅਰਥਾਤ ਇਤਫਾਕ ਦੇ ਨਾਲ ਓਹ ਗੁਰੂ ਬਣੇ। ਅਤੇ ਗੁਰੂ ਨਾਨਕ ਜੀ ਮਹਾਰਾਜ ਪਰ ਗੁਰੂ ਪਦ ਦੀ ਰੂਹੜੀ ਹੈ। ਗੁਰੂ ਪਦਵੀ ਨੂੰ ਨਾਲ ਹੀ ਲੈਕੇ ਮਹਾਰਾਜ ਜੀ ਦਾ ਅਵਤਾਰ ਹੋਇਆ ਹੈ। ਜੀਕੂਰ ਕਮਲ ਦੇ ਨਾਲ ਹੀ ਨੀਲਾਈ ਉਤਪੰਨ ਹੋਂਦੀ ਹੈ॥

ਉਨ੍ਹਾਂ ਅਵਤਾਰਾਂ ਅਤੇ ਗੁਰੂ ਨਾਨਕ ਜੀ ਮਹਾਰਾਜ ਦੇ ਅਵਤਾਰ ਦਾ ਏਹ ਭੀ ਫਰਕ ਹੈ ਕਿ ਕ੍ਰਿਸ਼ਨਚੰਦ੍ਰ ਜੀ ਆਦਿਕਾਂ ਨੇ ਅਪਨੇ ਆਪ ਨੂੰ ਬ੍ਰਹਮ ਕਰਾਕੇ ਅਪਣੀ ਸਰਣ ਲੋਕਾਂ ਨੂੰ ਲਗਾ ਕੇ ਅਪਨਾ ਨਾਉਂ ਜਪਾਇਆ। ਦੇਖੋ ਗੀਤਾ ਮੌਜੂਦ ਹੈ॥ ਅਤੇ ਸ੍ਰੀ ਕਲਗੀਧਰ ਜੀ ਮਹਾਰਾਜ ਦਾ ਭੀ ਬਚਨ ਹੈ॥

ਜੋ ਜੋ ਭਏ ਪਹਲ ਅਵਤਾਰਾ॥
ਆਪੁ ਆਪੁ ਤਿਨ ਜਾਪ ਉਚਾਰਾ॥

ਅਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਾ ਨਹੀਂ ਜਣਾਯਾ, ਸਭਨਾਂ ਨੂੰ ਪਰਮ ਪਰਖ ਪ੍ਰਮੇਸ਼ਰ ਦੀ ਸ਼ਰਨੀਂ ਲਾਯਾ। ਰਾਮਚੰਦ੍ਰ ਕ੍ਰਿਸ਼ਨਚੰਦ੍ਰ ਆਦਿਕ ਅਵਤਾਰਾਂ ਪਰ ਇਤਿ-ਆਦਿਕ ਸ੍ਰੀ ਕਲਗੀਧਰ ਜੀ ਦੇ ਕਈ ਬਚਨ ਹੈਨ॥

ਕਲਿਆਨ ਪਾਤਸਾਹੀ ੧੦॥

ਬਿਨ ਕਰਤਾਰ ਨ ਕਿਰਤਮ ਮਾਨੋ॥ ਆਦਿ ਅਜੋਨਿ ਅਜੈ ਅਬਿਨਾਸੀ ਤਹਿ ਪ੍ਰਮੇਸ਼ਰ ਜਾਨੋ॥੧॥ ਰਹਾਉ॥ ਕਹਾ ਭਇਓ ਜੋ ਆਨ ਜਗਤ ਮੈ ਦਸਕੁ ਅਸੁਰ ਹਰਿ ਘਾਏ॥ ਅਧਿਕ ਪ੍ਰਪੰਚ ਦਿਖਾਇ ਸਭਨ ਕੋ ਆਪਹਿ ਬ੍ਰਹਮ ਕਹਾਏ॥ ਭੰਜਨ ਗੜਨ ਸਮ੍ਰਥ ਸਦਾ ਪ੍ਰਭੁ ਸੋ ਕਿਮ ਜਾਤ ਗਿਨਾਇਓ॥ ਤਾਂਤੇ ਸਰਬ ਕਾਲ ਕੇ ਅਸ ਕੋ ਘਾਇ ਬਚਾਇ ਨ ਆਇਓ॥ ਕਸੋ ਤੋਹਿ ਤਾਰ ਹੈ ਸੁਨ ਜੜ ਆਪ ਡੁਬਿਓ ਭਵ ਸਾਗਰ॥ ਛੁਟ ਹੋ ਕਾਲ ਫਾਸ ਤੇ ਤਬਹੀ ਗਹੋ ਸਰਨ ਜਗਤਾਗੁਰ॥

---


## ਬਾਬਾ ਸਾਹਿਬ ਸਿੰਘ ਜੀ ਬੇਦੀ ਫ਼ਰੀ ਮੈਟਰਨਿਟੀ ਹਸਪਤਾਲ

ਬਰਾਊਨ ਹਸਪਤਾਲ ਲੁਧਿਆਣਾ ਦੇ ਪ੍ਰਬੰਧ ਹੇਠ

ਦਮਦਮਾ ਸ੍ਰੀ ਹਜੂਰ ਬਾਬਾ ਸਾਹਿਬ ਸਿੰਘ ਜੀ ਮਨਸੂਰਾਂ ਵਿਚ ਫਰੀ ਹਸਪਤਾਲ ਖੁਲ੍ਹ ਗਿਆ ਹੈ

ਦਮਦਮਾ ਅਸਥਾਨ ਵਲੋਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ ਪੰਜ ਕਮਰੇ, ਦਵਾਈਆਂ ਲਈ 500 ਰੁਪਏ ਮਹੀਨਾ ਤੇ ਹੋਰ ਲੋੜੀਂਦਾ ਖਰਚ ਅਤੇ ਸਾਮਾਨ ਦੇਣਾ ਸ਼ੁਰੂ ਕਰ ਦਿਤਾ ਹੈ। ਇਲਾਕਾ ਨਿਵਾਸੀਆਂ ਦੇ ਲਾਭ ਲਈ ਦਮਦਮਾ ਅਸਥਾਨ ਵਲੋਂ ਇਹ ਉਦਮ ਕੀਤਾ ਗਿਆ ਹੈ। ਇਲਾਕਾ ਨਿਵਾਸੀ ਇਸ ਕਾਰਜ ਤੋਂ ਲਾਭ ਉਠਾਉਣ।

—ਸੇਵਾਦਾਰ ਦਮਦਮਾ ਅਸਥਾਨ

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

## ਅਥ ਕਥਾ ਪ੍ਰਸੰਗ

ਦੋ:—ਪੁਨ ਬੇਦਯਨ ਕੀ ਕੁਲ ਬਿਖੇ ਪ੍ਰਗਟੇ ਸ੍ਰੀ ਗੁਰੂ ਆਇ ।
ਸ੍ਰੀ ਸਾਹਿਬ ਹਰਿ ਰੂਪਧਰ ਸਿੱਖਯਨ ਕਰਤ ਸਹਾਇ ॥ ੧ ॥

ਅਥ ਕਥਾ ਪ੍ਰਸੰਗ: ॥ ਸਿਖੋ ਵਾਚ ॥ ਹੇ ਭਗਵਨ ਜਬ ਗੁਲਾਬੇ ਸਾਹ ਕੋ ਆਪ ਨੇ ਰੁਪੈ ਦੇ ਦੀਏ ਤਦਨੰਤਰ ਕਯਾ ਭਯਾ ॥ ਸ੍ਰੀ ਗੁਰੋ ਵਾਚ ॥ ਹੇ ਸਿਖ ਜਬ ਹਮ ਨੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਪਾਸ ਚੇਤ ਕੇ ਮਹੀਨੇ ਮੇ ਡੇਲਯਾ ਕਾ ਅਚਾਰ ਔਰ ਭੀ ਮਹਾਰਾਜ ਜੀ ਕੇ ਭੇਟਾ ਭੇਜੀ । ਸਭ ਸਿੰਘ ਵੈਹਘੀਯਾਂ ਲਦ ਕੇ ਲੈ ਗਏ ਜਬ ਹਜੂਰ ਕੇ ਸਨਮੁਖ ਗਏ ਸਭ ਨੇ ਹਾਥ ਜੋੜ ਕੇ ਪ੍ਰਣਾਮ ਕੀਆ ਹਮਾਰੀ ਓਰ ਸੇ ਭੀ ਸਿਖਹੁ ਨੇ ਬੜੀ ਬੇਨਤੀ ਹਜੂਰ ਕੇ ਆਗੇ ਕਰੀ । ਉਸ ਸਮੇ ਮੈ ਬੜੀ ਭਾਰੀ ਹਜਾਰੋ ਮਾਨਖੋ ਸੇ ਪੂਰਣ ਸਭਾ ਲਾਗੀ ਹੋਈ ਥੀ ॥ ਉਨ ਸਿਖਨ ਕੀ ਓਰ ਦੇਖ ਕੇ ॥ ਸ੍ਰੀ ਗੁਰੋ ਵਾਚ ॥ ਕਯੋਂਵੇ ਸਿਖੋ ਹਮ ਨੇ ਵੀਰ ਸਿੰਘ ਕੇ ਪ੍ਰਤਿ ਕਹਿ ਦੀਆ ਹੂਆ ਥਾ ਕੇ ਖੀਸਾ ਮੇਰਾ ਹਾਥ ਤੇਰਾ ਜਿਤਨਾ ਤੇਰਾ ਖੁਸ਼ੀ ਨਾਮ ਪ੍ਰਸੰਤਾ ਆਵੇ ਉਤਨਾ ਕਢ ਕਢ ਕੇ ਵਰਤੀ ਜਾਹੁ ॥ ਪਰੰਤੂ ਕਿਸੇ ਸੇ ਕਰਜਾ ਨਾ ਚੁਕੀ । ਸੋ ਮੇਰਾ ਕਹਯਾ ਹੂਆ ਬਚਨ ਯਾਦ ਨਾ ਰਖਯਾ ਕਰਜਾ ਚਕ ਲੀਆ । ਉਸ ਕਰਜਾਈ ਗੁਲਾਬੇ ਨੇ ਜਬ ਭਾਈ ਕੋ ਆਏ ਕੇ ਦਿਕ ਕੀਆ ਬਿਨਾ ਦੋ ਰੁਪੈ ਕੇ ਭਾਈ ਕੇ ਖੜਯੇ ਮੇ ਏਕ ਕਾਣੀ ਕਉਡੀ ਭੀ ਨਹੀਂ ਥੀ । ਅਬ ਜੇ ਮੈ ਭਾਈ ਦੇ ਖੜੀਯੇ ਵਿਖੇ ਰੁਪਯੇ ਨ ਪਾਂਵਦਾ ਤਬ ਭਾਈ ਕਾ ਭਾਈ ਪਣ ਨਿਕਲ ਆਂਵਦਾ ।

ਜਾਹੁ ਜਾਇ ਕੇ ਉਸਨੂੰ ਕਹੋ ਕੇ ਫੇਰ ਕਬੀ ਭੀ ਤੁਮਨੇ ਕਰਜਾ ਨਹੀ ਚਕਣਾ ਇਤਨਾ ਬਚਨ ਕਰਕੇ ਆਪੁ ਤੂਸਨੀ ਹੋ ਜਾਤੇ ਭਏ । ਤਦਨੰਤਰ ਉਨੇ ਨਗਰ ਸੇ ਜਬ ਬਿਦਾ ਹੋ ਕੇ ਸਿਖ ਈਹਾਂ ਆਏ ਤਬ ਉਨੋ ਨੇ ਸਬ ਬਿਰਤਾਂਤ ਆਇ ਕੇ ਹਮ ਕੋ ਸੁਨਾਯਾ । ਤਬ ਹਮ ਨੇ ਹਜੂਰ ਕੇ ਮੁਖਾਰਬਿੰਦ ਕਾ ਭੇਜਯਾ ਹੂਆ ਸੰਦੇਸ਼ਾ ਸੁਨ ਕੇ ਐਸੇ ਆਨੰਦ ਕੋ ਪਾਯਾ ਕੇ ਜੈਸੇ ਮਹਾ ਦਰਿਦ੍ ਕੋ ਚਿੰਤਾਮਣੀ ਮਿਲ ਜਾਤੀ ਹੈ ਵਹੁ ਪਰਮਆਨੰਦ ਕੋ ਪ੍ਰਾਪਤ ਹੋਤੇ ਹੈ । ਤਦਵਤ ਹਮ ਭੀ ਪਰਮਆਨੰਦ ਕੋ ਪ੍ਰਾਪਤ ਹੋਤੇ ਭਏ । ਦੋਨੋ ਹਾਥ ਜੜ ਕੇ ਪ੍ਰਣਾਮ ਕਰਕੇ ਬਚਨ ਕੀਆ ਯੇ ਸਬ ਦਾਤ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੀ ਹੀ ਹੈ । ਪੁਨਾ ਸ੍ਰੀ ਗੁਰੂ ਜੀ ਨੇ ਬਚਨ ਕੀਆ ਕੇ ਜੋ ਜੈਸੀ ਮਨਸਾ ਧਾਰ ਕੇ ਗੁਰੂ ਜੀ ਕਾ ਪੂਜਨ ਕਰਤੇ ਹੈ ਵੂਹ ਜੀਵ ਵੈਸੀ ਹੀ ਮਨਸਾ ਕੋ ਪਾਵਤੇ ਹੈ । ਪੁਨਾ ਸਿਖਾਂ ਨੇ ਪ੍ਰਸ਼ਨ ਕੀਆ ਕੇ ਹੇ ਭਗਵਾਨ ਯੇ ਗੁਰੂ ਸਾਹਿਬ ਸਿੰਘ ਜੀ ਕਾ ਦਮਦਮਾ ਕਿਸ ਪ੍ਰਕਾਰ ਸੇ ਹੂਆ ਹੈ ਯੇ ਗੁਰੂ ਕੇ ਸੰਤ ਪੂਰੇ ਮੈ ਕਬ ਸ ਬਣਯੇ ਹੈ ਇਸ ਪ੍ਰਕਾਰ ਕੀ ਸਿਖੰ ਕੀ ਬੇਨਤੀ ਸੁਣ ਕੇ ਸ੍ਰੀ ਗੁਰੂ ਵੀਰ ਸਿੰਘੰ ਵਾਚ ਸਭ ਸਿਖਨ ਕੇ ਪ੍ਰਤੀ । ਸੁਣੋ ਭਾਈ

ਸਿਖੋਂ ੧੮੯੦ ਮੇ ਸਰਦ ਰਿਤੂ ਮੇ ਲਵ ਪੁਰ ਮੇ ਉਤਰ ਕਰਕੇ ਨਨਕਾਯਣੇ ਸ੍ਰੀ ਗੁਰੂ ਪਹਲੀ ਪਾਤਸ਼ਾਹੀ ਕੇ ਜਨਮ ਅਸਥਾਨ ਕੀ ਯਾਤ੍ਰਾ ਕਰਣੇ ਕੂ ਚਲੇ ਥੇ। ਤਬ ਰਾਜਾ ਧਿਰਾਜ ਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬ ਜੀ ਕੀ ਸੇਵਾ ਕਰੀ ਪੁਨਾ ਹਾਥ ਜੋੜ ਕੇ ਦੋਨੋ ਰਾਜਾ ਬੇਨਤੀ ਕਰਤਾ ਭਯਾ ਕ ਹਜ਼ੂਰ ਜਬ ਨਨਕਾਣੇ ਸਾਹਬ ਸੇ ਲੌਟ ਕੇ ਆਵੈ ਤਬ ਇਸੀ ਮਾਰਗ ਸੇ ਆਵੈਂ ਲਵ ਪੁਰ ਕੋ ਪਵਿਤ੍ਰ ਕਰ ਕੇ ਜਾਵੈ ਰਣਜੀਤ ਸਿੰਘ ਸੇ ਹਸ ਕੇ ਮਹਾਂਰਾਜ ਜੀ ਨੇ ਬਚਨ ਕੀਆ ਕੇ ਕਯਾ ਹਮ ਤੇਰ ਬਾਂਧੇ ਹੂਏ ਹੈਂ। ਤਬ ਸਰਕਾਰ ਨੇ ਹਾਥ ਜੋੜ ਕੇ ਅਰਜ ਕਰੀ ਕੇ ਹਾਂ ਮਹਾਂ ਮਹਾਂਰਾਜ ਜੀ ਆਪ ਮੇਰੇ ਬਾਂਧੇ ਹੂਏ ਨਹੀਂ ਹੈਂ ਪਰੰਤੂ ਪ੍ਰੇਮਕੇ ਬਾਂਧੇ ਹੂਏ ਜਰੂਰ ਹੈ।

ਇਸੀ ਪ੍ਰਕਾਰ ਬਚਨ ਬਿਲਾਸ ਹੋਤੇ ਭਏ। ਜਬ ਲਵ ਪੁਰ ਸੇਂ ਚਲੇ ਤਵ ਗੁਰੂ ਸਾਹਿਬ ਜੀ ਕੀ ਅੜਦਲ ਮੇ ਕਿਤਨੇ ਕੰਹਜਾਰ ਅਸ੍ਵਾਰ ਹਾਥੀ ਘੋੜੇ ਪੈਦਲ ਚਲਤੇ ਭਏ। ਜਬ ਨਾਨਕਾਯਣੇ ਸਾਹਿਬ ਕੀ ਯਾਤ੍ਰਾ ਕਰ ਕੇ ਆਏ ਤਬ ਉਨ ਦਿਨ ਮੇ ਸਰਕਾਰ ਨੇ ਚੰਪ ਚੀਨੀ ਖਾਣੀ ਸ਼ੁਰੂ ਕਰੀ ਹੂਈ ਥੀ ॥ ਬੁਧ ਸਿੰਘ ਸੁਧ ਸਿੰਘ ਦੋਨੋ ਸੰਧਾ ਵਾਲੇ ਸਰਦਾਰੋਂ ਕੋ ਸਰਕਾਰ ਨੇ ਹੁਕਮ ਦੇ ਛੋੜਯਾ ਥਾ ਕੇ ਜਬ ਸਾਹਿਬ ਆਵੈ ਤਬ ਤੁਮ ਦੋਨੋ ਨੇ ਸੇਵਾ ਕੀ ਸਬ ਸਾਮਗ੍ਰੀ ਲੈ ਕੇ ਹਜ਼ੂਰ ਕੀ ਸੇਵਾ ਮੇ ਹਾਜਰ ਰਹਣਾ। ਜਬ ਸਰਕਾਰ ਕੋ ਖਬਰ ਹੂਈ ਕੇ ਸਾਹਿਬ ਕੀ ਅਸਵਾਰੀ ਕਲ ਅਥਵਾ ਪਰਸੋਂ ਕੋ ਆਵੇਗੀ ਕੇ ਮਤ ਬਾਬਾ ਜੀ ਕਿਸੀ ਔਰ ਘਾਟ ਸੇਂ ਉਤਰ ਕੇ ਬਾਹਿਰੋ ਬਾਹਿਰ ਨ ਚਲੇ ਜਾਵੈ ਇਸ ਸ਼ਕ ਕਰ ਕੇ ਰਾਵੀ ਗੰਗਾ ਕੇ ਸਮੀਪਵਰਤੀ ਲਵ ਪੁਰ ਘਾਟੋ ਕੀ ਨਾਵਕਾ ਏਕਠੀ ਕਰਾਇ ਕੇ ਖੈਂਚ ਕੇ ਤਰਗੜ ਕੇ ਨੀਚੇ ਬੰਧਵਾਇ ਦਈ। ਕੇ ਜਬ ਹਜ਼ੂਰ ਆਵੈਗੇ ਤਬ ਇਸੀ ਘਾਟ ਕੋ ਚਲੇ ਆਵੈਗ। ਬੇੜੀਆਂ ਬਿਨਾ ਔਰ ਘਾਟ ਕੋ ਕੈਸੇ ਉਤਰੇਗੇ।

ਅਪਨੀ ਓਰ ਸੇਂ ਸਰਕਾਰ ਰਣਜੀਤ ਸਿੰਘ ਸਭ ਬੰਦੋਬਸਤ ਕਰਕੇ ਨਿਸਚੇ ਕਰ ਬੈਠਾ ਕੇ ਅਬ ਸਾਹਿਬ ਅਵਸ਼ਯ ਤਰ ਗੜ ਕੇ ਘਾਟ ਹੀ ਉਤ੍ਰੇਂਗੇ। ਆਗੇ ਗੁਰੂ ਜੀ ਅੰਤਰਯਾਮੀ ਰਣਜੀਤ ਸਿੰਘ ਕੀ ਸਭ ਕ੍ਰਿਤ ਪਹਲੇ ਜਾਨ ਕੇ ਤਰਗੜ ਸੇਂ ਪਾਂਚ ਚਾਰ ਕੋਸ ਨੀਚੇ ਕੇ ਘਾਟ ਕੋ ਆਇ ਕੇ ਜਬ ਦੇਖਯਾ ਕੇ ਨਾਵਕਾ ਕੋਈ ਨਹੀਂ ਹੈ। ਤਬ ਬੁਲਾਇ ਕੇ ਕੇਵਟੋਂ ਸੇ ਪੂਛਯਾ ਕੇ ਕਿਉ ਰੇ ਨਾਵਕਾ ਘਾਟ ਕੀ ਕਹਾਂ ਗਈ ਹੈ। ਤਬ ਕੇਵਟੋਂ ਨੇ ਦੋਨੋ ਹਾਥ ਜੋੜ ਕੇ ਬੇਨਤੀ ਕਰੀ ਕੇ ਮਹਾਂਰਾਜ ਜੀ ਸਰਕਾਰ ਨੇ ਸਬ ਬੇੜਿਯਾਂ ਘਾਟੋਂ ਕੀਆਂ ਖੇਚਇ ਕੇ ਤਰਗੜ ਕੇ ਨੀਚੇ ਮੰਗਵਾਇ ਲਈ ਹੈ ਯੇ ਹਮ ਨਹੀਂ ਜਾਨਤੇ ਜੋ ਕਿਉ ਏਕਠੀ ਕਰਾਇ ਰਖੀ ਹੈ। ਕੇਵਟੋਂ ਕੀ ਬਾਤੈਂ ਸੁਣ ਕੇ ਬਾਬਾ ਜੀ ਨੇ ਹਸ ਕੇ ਬਚਨ ਕੀਆ ਕੇ ਦੇਖੋ ਭਾਈ ਸਿਖ੍ਹੇ ਕਾਣੇ ਕੀ ਹਰਾਮਜ਼ਦਗੀ। ਭਲਾ ਤੇਨੇ ਜੋ ਸਭ ਨਾਵਿਕਾ ਇਕਠੀਯਾਂ ਕਰਵਾਇ ਲਈ ਹੈ ਹਮਨੇ ਤੇਰੇ ਕਯਾ ਬੇੜਿਯਾਂ ਕੇ ਆਸ੍ਰੇ ਦਰਯਾ ਉਲੰਘਨਾ ਹੈ ਹਮ. ਤੇਰੀਆਂ ਬੇੜਿਯਾਂ ਕੇ ਗੋਚਰ ਹੈਂ।

ਐਸੇ ਬਚਨ ਕਰਕੇ ਘਾਟ ਛੋਡ ਕੇ ਬਿਨਾਂ ਘਾਟ ਹੀ ਅਪਨਾ ਘੋੜਾ ਰਾਵੀ ਗੰਗਾ ਮੇ ਗਾਹਣ ਪਾਇ ਦੀਆ। ਅਪਨੀ ਸੈਨਾ ਕੋ ਹੁਕਮ ਦੇ ਦੀਆ ਕੇ ਦਰਯਾਓ ਕੇ ਬੀਚ ਮੇ ਸੇ ਅਸਵਾਰ ਪੈਦਲ ਸਭ ਕੋਈ ਚਲੇ ਆਉ ਡਰੋ ਮਤ। ਬਾਬਾ ਸਾਹਿਬ ਜੀ ਕਾ ਹੁਕਮ ਮੰਨ ਕੇ ਸਾਰੀ ਸੈਨਾ ਕੇ ਲੋਕ ਨਦੀ ਮੇ ਆਇ ਪ੍ਰਵਿਸਟੇ ਤਬ ਸਭ ਕੇ ਗਿਟੇ ਗਿਟੇ ਪਾਨੀ ਹੋ ਜਾਤਾ ਭਯਾ। ਬਕਰੀਅ ਜਾ ਭੇਡਅ ਵੀ ਪ੍ਰਯੰਤ ਗੁਰੂ ਜੀ ਕੀ ਸਭ ਸੈਨਾ ਜਬ ਪਾਰ ਉਤ੍ਰ ਆਈ ਤਬ ਪੁਨਾ

ਦਰਿਆਉ ਅਸਗਾਹ ਹੋ ਜਾਤੇ ਭਯੋ ਪਾਰ ਉਤ੍ਰ ਕੇ ਗੁਰੂ ਬਾਬਾ ਸਾਹਿਬ ਸਿੰਘ ਜੀ ਲਵ ਪੁਰ ਸੇ ਬਾਹਿਰ ਹੀ ਬਾਹਿਰ ਗੋਲਯਾ ਵਾਲੀ ਸਰਾਇ ਕੇ ਪਾਸ ਜਾਇ ਉਤ੍ਰੇ। ਜਿਨ ਬੁਧ ਸਿੰਘ ਸੁਧ ਸਿੰਘ ਦੋਨੋਂ ਸਰਦਾਰੋਂ ਕੋ ਹਜੂਰ ਕੀ ਸੇਵਾ ਕੀ ਸੌਂਪਨਾ ਕਰੀ ਥੀ ਵਹੁ ਦੋਨੋਂ ਮਦਰਾ ਪਾਨ ਕਰਕੇ ਬਡੇ ਪ੍ਰਮਾਦੀ ਆਪੋ ਆਪਣੇ ਡੇਰੇ ਮੈ ਮਸਤ ਹੋ ਕੇ ਪੜੇ ਰਹੇ। ਉਨੋਂ ਨੇ ਕੁਛ ਭੀ ਸਾਰ ਗੁਰੂ ਜੀ ਕੀ ਨਾ ਲਈ। ਇਧਰ ਅਪਨੀ ਸੈਨਾ ਮੇਂ ਹਜੂਰ ਨੇ ਹੁਕਮ ਦੇ ਦੀਆ ਕੇ ਆਜ ਆਠ ਪਹਿਰ ਪ੍ਰਯੰਤ ਅੰਨਜਲ ਕਿਸੀ ਨੇ ਭੀ ਅੰਗੀਕਾਰ ਨਹੀਂ ਕਰਣਾ। ਨਾ ਘੋੜਯੋਂ ਕੋ ਪਠਾ ਦਾਣਾ ਪਾਣੀ ਦੇਣਾ। ਆਜ ਹਮ ਸਾਂਹਸਯੋਂ ਦੀ ਕਾਣ ਦੇ ਚਲੇ ਹਾਂ। ਹਮ ਤੋ ਆਜ ਇਨਕੀ ਮੁਕਾਣ ਦੇਣੇ ਆਏ ਹੈਂ ਦਲ ਮੇਂ ਸੇ ਏਕ ਸਿੰਘ ਨੇ ਅਪਣੇ ਘੋੜੇ ਕੋ ਕੁਛ ਥੋੜਾ ਸਾ ਕਹੀਂ ਸੇ ਘਾਸ ਲਿਆਇਕੇ ਡਾਰ ਦੀਆ। ਤਬ ਅਪਨੇ ਹਜੂਰ ਉਸ ਸਿੰਘ ਕੋ ਬੁਲਾਿ ਕੇ ਸਾਹਿਬ ਬੜੇ ਗੁਸੇ ਹੋ ਕੇ ਤਿਸ ਕੋ ਪ੍ਰਤੀ ਬਚਨ ਬੋਲੇ ਕੇ ਕਿਉ ਰੇ ਹਮ ਤੋ ਸਾਂਹਸਯਾਂ ਕੀਆਂ ਜੜਾਂ ਪੁਟਣ ਲਗੇ ਹਾਂ ਔਰ ਤੂੰ ਰਖਯਾ ਚਾਹਤਾ ਹੈ ਜੋ ਘੋੜੇ ਕਾ ਜਾ ਖੋਲਯਾ ਹਈ॥ ਇਸ ਪ੍ਰਕਾਰ ਸੇ ਮਾਨੁਖ ਪਸੂ ਆਦਿਕ ਸਭ ਹੀ ਅੰਨ ਜਲ ਬਿਨਾ ਉਪਵਾਸਬ੍ਰਤ ਆਠ ਪ੍ਰਹਰ ਪ੍ਰਯੰਤ ਕਰਤੇ ਭਏ॥ ਅਗਲੇ ਦਿਨ ਡੇਰਾ ਕੂਚ ਕਰਕੇ ਤਰਨ ਤਾਰਨ ਕੋ ਚਲੇ ਆਏ॥ ਇਧਰ ਜਬ ਇਨ ਸਰਦਾਰੋਂ ਕਾ ਭੀ ਮਦ ਉਤ੍ਰਯਾ ਤਬ ਇਨ ਕੋ ਭੀ ਅਗਲੇ ਦਿਨ ਖਬਰ ਹੋਈ ਕੇ ਗੁਰੂ ਬਾਬਾ ਸਾਹਿਬ ਸਿੰਘ ਜੀ ਆਏ ਥੇ। ਕੋਈ ਭੀ ਸਿਖ ਉਨ ਕੀ ਸੇਵਾ ਕੀ ਖਬਰ ਸਾਰ ਲੇਨੇ ਨਹੀਂ ਗਯਾ ਹੈ॥ ਮਹਾਰਾਜ ਜੀ ਸਰਕਾਰ ਕੋ ਸ੍ਰਾਪ ਦੇ ਕੇ ਚਲੇ ਗਏ ਹੈਂ॥ ਤਬ ਵਹੁ ਦੋਨੋਂ ਸਿਰਦਾਰ ਬਡਾ ਪਸਚਾਤਾਪ ਕਰਕੇ ਅਸਵਾਰ ਹੋ ਕੇ ਭਣਾਣੇ ਮੈਂ ਗੁਰੂ ਜੀ ਕੋ ਜਾਇ ਮਿਲੇ ਹਜੂਰ ਕੇ ਆਗੇ ਅਰਜ ਕਰੀ ਭਲਾ ਫਿਰ ਕਯਾ ਬਨਤਾ ਹੈ॥ ਜੋ ਬਾਣ ਚਲ ਗਆ ਸੋ ਫਿਰ ਹਾਥ ਮੇ ਨਹੀ ਆਵਤਾ ਹੈ॥

ਇਸੀ ਰੀਤੀ ਸੇ ਜੋ ਸਤਪੁਰਖੋ ਕੇ ਮੁਖ ਸੇ ਬਚਨ ਨਿਕਸਿਆ ਹੈ ਸੁਭ ਅਥਵਾ ਅਸੁਭ ਸੋ ਅਨਯਥਾ ਨਹੀ ਹੋਤੇ ਹੈ ਸੂਰਯ ਭਗਵਾਨ ਜੇ ਅਸਤਾ ਚਲ ਪਰਬਤ ਪਰ ਉਦੇ ਹੋਵੇ॥ ਚੰਦ੍ਰਮਾਂ ਭਾਨੁਵਤ ਤਪਾਨੇ ਲਾਗ ਜਾਵੇ॥ ਅਗਨਿ ਹਿਮਵਤ ਅਤਿ ਸੀਤਲ ਹੋ ਜਾਵੇ ਧਰਾਧਰ ਧਰਣੀ ਸਹਤ ਚਲਾਇਮਾਨ ਹੋ ਜਾਵੈ ਥਲ ਪਾ ਖਾਣ ਮੈ ਕਮਲੋਂ ਕੀ ਉਤਪਤਿ ਹੋਣੇ ਲਾਗ ਜਾਵੇ ਆਕਾਸਚਾਰੀ ਭੂਚਾਰੀ ਹੋ ਜਾਵੈ। ਭੂਚਾਰੀ ਆਕਾਸ ਚਾਰੀ ਹੋ ਜਾਵੇ ਬਸੰਤ ਰਿਤੂ ਗੀਖਮ ਰਿਤੂ ਵਤ ਬਨਾਸਪਤੀ ਕਾ ਵਿਨਾਸ ਕਰ ਡਾਰੇ ਜਲਾਇ ਦੇਵੇ ਗ੍ਰੀਖਮਰਿਤੂ ਬਸੰਤਵਤ ਬਨ ਕੋ ਪ੍ਰਫੁਲਤ ਕਰ ਡਾਰੇ ਇਸ ਤੇ ਆਦ ਲੇ ਸਰਬ ਸੰਸਾਰ ਚੇ ਸਦਾਿਵ ਪਰ ਜੇ ਭੀ ਹੋ ਜਾਵੇ ਤੋ ਹੋ ਜਾਵਹੁ ਪ੍ਰੰਤੂ ਸਤਪੁਰਖੋਂ ਕਾ ਵਚਨ ਅਨ ਯਥਾ ਨਹੀ ਹੋਤੇ ਹੈ॥ ਇਸੀ ਅਰਥ ਮੈਂ ਗੁਰੂ ਸਾਹਿਬ ਜੀ ਕੇ ਅਨੇਕ ਹੀ ਗਿਰਿਬ ਸੁਧਾ ਦੀ ਅਮੋਲਕ ਰਤਨ ਰੂਪ ਪ੍ਰਮਾਨ ਭੂਤ ਵਚਨ ਹੈ ਕਹਾਂ ਪ੍ਰਯੰਤ ਲਿਖੇ॥ ਪੁਨਾ ਸੁਧ ਸਿੰਘ ਬੁਧ ਸਿੰਘ ਦੋਨੋਂ ਸਰਦਾਰੋਂ ਨੇ ਬਹੁਤ ਬੇਨਤੀ ਕਰੀ ਪਰੰਤੂ ਸਾਹਿਬ ਨੇ ਕੁਛਕ ਕੋਪ ਹੋ ਕੇ ਇਨ ਕੋ ਧਕੇ ਦਿਵਾਇ ਕੇ ਉਠਾਇ ਦੀਆ ਤਦਨੰਤਰ ਵਿਚਾਰੇ ਨਿਰਾਸ ਹੋ ਕੇ ਚਲੇ ਆਏ॥ ਇਧਰ ਉਨ ਕੋ ਸਰਕਾਰ ਕਾ ਡਰ ਭੀ ਬਡਾ ਭਾਰਾ ਇਧਰ ਗੁਰੂ ਸਾਹਿਬ ਜੀ ਭੀ ਪਾਤਸਾਹੋਂ ਕੇ ਪਾਤਸਾਹੁ ਰਾਜਾ ਧਿਰਾਜ ਬਡੇ ਚਕ੍ਰਵਰਤੀ ਰਾਜਾ ਕਾ ਭੀ ਨੀਤੀ ਕੇ ਵਿਸ਼ਯ ਮੇ ਲਿਹਾਜ ਨ ਰਖਣੇ ਵਾਲੇ ਉਨੋ ਨੇ ਭੀ ਉਨ ਦੋਨੋ ਕੋ ਧਕੇ ਦੇ ਕੇ ਅਪਨੀ ਸਭਾ ਮੇ ਸੇ ਨਿਕਾਸ ਦੀਆ॥

ਵਹੁ ਦੋਨੋਂ ਸਰਦਾਰ ਵਿਚਾਰੇ ਨਿਰਾਸ ਹੋ ਕੇ ਚਲੇ ਆਏ ਲਵਪੁਰ ਕੋ ॥ ਸਿਖੋਵਾਚ ॥ ਹੇ ਪ੍ਰਭੋ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੀ ਅੰਮ੍ਰਿਤ ਕਥਾ ਸੁਣਤੇ ਹੂਏ ਹਮਾਰਾ ਸਰਬ ਸਾਧ ਸੰਗਤ ਸਿਘੋ ਕਾਮਨ ਤ੍ਰਿਪਤ ਨਹੀਂ ਹੋਤਾ ਹੈ ਸੋ ਹੇ ਗੁਰੂ ਜੀ ਜਬ ਵਹੁ ਸਰਦਾਰ ਲੋਟ ਗਏ ਤਬ ਤਿਨ ਤੇ ਅਨੰਤਰਉਨ ਸਰਦਾਰੋਂ ਕੋ ਸਰਕਾਰ ਨੇ ਕਿਆ ਕਹਿਆ ॥ ਹਜੂਰ ਫਿਰ ਕਿਸ ਓਰ ਗਏ ॥ ਯੇ ਪ੍ਰਸੰਗ ਸਾਰ੍ਹਾ ਹੀ ਕ੍ਰਿਪਾ ਕਰਕੇ ਸੁਣਾਯੇ ਜੀ ॥ ਇਸ ਪ੍ਰਕਾਰ ਸੇ ਸਿੰਘੋਂ ਕੀ ਪ੍ਰਾਰਥਨਾ ਸੁਣ ਕੇ ਸ੍ਰੀ ਬੀਰ ਮ੍ਰਿਗੇਸੇ ਵਾਚ ॥ ਹੇ ਸਾਧ ਸੰਗਤ ਜੀ ਜਬ ਉਨ ਦੋਨੋਂ ਸਰਦਾਰੋਂ ਕਾ ਔ ਗੁਰੂ ਜੀ ਕਾ ਆਠ ਯਾਮ ਭੂਖੇ ਪਿਆਸੇ ਰਹਕੇ ਸ੍ਰਾਪ ਦੇ ਕੇ ਚਲੇ ਜਾਨੇ ਕਾ ਸਮਾਚਾਰ ਸੁਣ ਕੇ ਰਣਜੀਤ ਸਿੰਘ ਬੜਾ ਭੇ ਭੀਤ ਹੂਆ ਪੁਨਾ ਸੁਧ ਸਿੰਘ ਬੁਧ ਸਿੰਘ ਕੋ ਬੁਲਾਇ ਕੇ ਉਨ ਕੇ ਊਪਰ ਬੜਾ ਤੰਗ ਹੂਆ ਕੇ ਤੁਮਨੇ ਮੇਰੀ ਆਗਿਆ ਭੰਗ ਕਰਕੇ ਹਜੂਰ ਸੇ ਮੁਝ ਕੋ ਸ੍ਰਾਪ ਦਿਵਾਇ ਦੀਆ ॥ ਅਬ ਕਿਆ ਕਰੇ ਕੁਛ ਉਪਚਾਰ ਨਹੀਂ ਹੋ ਸਕਤਾ ਹੈ ॥ ਭਲਾ ਕਹੋ ਭਾਈ ਸਾਧੁ ਸੰਗਤ ਜੀ ਕੇ ਮਦਰਾਪਾਨ ਕਰਣੇ ਵਾਲੇ ਕਾ ਕਿਸ ਕਿਸ ਕਾ ਘਰ ਨਸ਼ਟ ਨਹੀਂ ਹੂਆ ਹੈ ॥ ਮਦਪਾਨ ਸੇ ਹੀ ਕੰਸ ਕਾ ਰਾਜ ਨਸ਼ਟ ਹੋ ਗਿਆ ਮਦਪਾਨ ਸੇ ਹੀ ਛਪਨ ਕੋਟ ਯਾਦਵ ਏਕ ਚਾਰ ਘੜੀ ਕੇ ਅੰਤਰ ਹੀ ਭਸਮ ਹੋ ਗਏ ਰੂੰਈ ਸੇ ਭੀ ਅਤਿ ਸੀਘ੍ਰ ਨਸ਼ਟ ਹੋ ਗਏ ॥ ਮਦਪਾਨ ਕਰ ਕੇ ਹੀ ਸ਼ੇਰ ਸ਼ਾਹ ਕੀ ਬਾਦਸ਼ਾਹੀ ਨਸ਼ਟ ਹੋ ਗਈ ॥ ਮਦਪਾਨ ਸੇ ਹੀ ਤੁਰਕੋਂ ਕੀ ਬਾਦਸ਼ਾਹੀ ਜਾਤੀ ਰਹੀ ਹੈ । ਮਦਪਾਨ ਕਰਕੇ ਹੀ ਚਕ੍ਰਵਰਤੀ ਰਾਜਾ ਜਨ ਮੇ ਜਾ ਕੇ ਪੁਤਰ ਅਸਮੇਦ ਅਸਮੇਦਾ ਕਾ ਸਾਰਬ ਭੋਮ ਰਾਜ ਨਸ਼ਟ ਹੋ ਗਿਆ ॥ ਪ੍ਰਮਾਦ ਔ ਮਦਰਾ ਕੇ ਪਾਨ ਸੇ ਸਿਖੋ ਕਾ ਰਾਜ ਭੀ ਨਸ਼ਟ ਹੋ ਜਾਇਗਾ ॥ ਯੇ ਬਾਤ ਯਾਦ ਰਖਿਓ ॥ ਇਧਰ ਗੁਰੂ ਸਾਹਿਬ ਸਿਘ ਜੀ ਭੀ ਅਗਲੇ ਦਿਨ ਡੇਰਾ ਕੂਚ ਕਰਕੇ ਸਨੇ ੨ ਤਰਨ ਤਾਰਨ ਜੀ ਕੋ ਆਏ ॥ ਜਬ ਮਹਾਰਾਜ ਜੀ ਕਾ ਡੇਰਾ ਸ੍ਰੀ ਤਰਨ ਤਾਰਨ ਆਇ ਉਤਰਿਆ ਤਬ ਦੇਖ ਕੇ ਨੈਣਾ ਸਿੰਘ ਨਹੰਗ ਨੇ ਅਪਨੇ ਆਗਿਆ ਅਨੁਸਾਰੀ ਨਿਹੰਗੋਂ ਸੇ ਕਿਹਾ ਕੇ ਸੁਣੋ ਭਾਈ ਯੇ ਬਲੇਦੀ ਕਾ ਡੇਰਾ ਇਥੇ ਆਇ ਉਤਰਿਆ ਹੈ ਸੋ ਇਨ ਕੇ ਡੇਰੇ ਕੋ ਉਠਾਇ ਦੇਣਾ ਚਾਹੀਏ ॥ ਐਸੇ ਨੇ ਨੈਣਾ ਸਿੰਘ ਕਾ ਬਚਨ ਸੁਣ ਕੇ ਨਿਹੰਗਾ ਸਿੰਘਾਂ ਨੇ ਬੜਾ ਰੌਲਾ ਮਚਾਇਆ ॥ ਉਨ ਮੇ ਸੇ ਏਕ ਨਿਹੰਗ ਨੇ ਹਜੂਰ ਕਾ ਸੀਸ ਤਕਾਇ ਕੇ ਗੋਲੀ ਚਲਾਈ ਸੋ ਗੋਲੀ ਸਾਹਿਬ ਕੇ ਕਾਨ ਕੇ ਸਮੀਪ ਹੋ ਕੇ ਨਿਕਸ ਗਈ ॥ ਯੇ ਦਸਾ ਨਿਹੰਗੋਂ ਕੀ ਦੇਖ ਕੇ ਮਹਾਰਾਜ ਜੀ ਨੇ ਬਚਨ ਕੀਆ ਕੇ ਜਾਹੁ ਰੇ ਅਕਾਲੀਓ ਕੰਗਾਲਯੋ ਹਮ ਤੋ ਤੁਮਾਰੀ ਪ੍ਰਵਸਤੀ ਵਾਸਤੇ ਹੀ ਆਏ ਥੇ ਪਰੰਤੂ ਤੁਮਾਰੇ ਭਾਗ ਅਤ ਹੀ ਖੋਟ ਹੈ ਹਮ ਕਿਆ ਕਰੇ ਅਰੇ ਹੀ ਨ ਭਾਗੇ ਤੁਮਨੇ ਉਲਟਾ ਹਮਾਰੇ ਊਪਰ ਹੀ ਬੰਦੂਕ ਦਾਗ ਦਈ ਐਸੇ ਅਕਾਲਯੋਂ ਕੋ ਸ੍ਰਾਪ ਦੇ ਕੇ ਪੁਨ ਹਮਾਰੀ ਓਰ ਦੇਖ ਕੇ ਕ੍ਰਿਪਾ ਕਰਕੇ ਬਚਨ ਕੀਆ ॥ ਕੇ ਕਹੁ ਭਾਈ ਵੀਰ ਸਿੰਘਾ ਏਥੇ ਤੇਰਾ ਡੇਰਾ ਕਿਤਨੀ ਕ ਦੂਰ ਹੈ ॥ ਹਜੂਰ ਕਾ ਬਚਨ ਸੁਣਤੇ ਹੀ ਹਮ ਨੇ ਖੜੇ ਹੋ ਕੇ ਦੋਨੋਂ ਹਾਥ ਜੋੜ ਕੇ ਅਰਜ ਕਰੀ ਕੇ ਹੇ ਸਚੇ ਪਾਤਸਾਹਾ ਜੀ ਦਾਸ ਕੀ ਕੁਟੀਆ ਬਹੁਤ ਹੀ ਸਮੀਪ ਹੈ ॥ ਪੁਨਃ ਬਚਨ ਹੂਆ ਕੇ ਚਲ ਭਾਈ ਵੀਰ ਸਿੰਘਾ ਤੇਰੀ ਕੁਟੀਆ ਮੇ ਹੀ ਆਜ ਚਲ ਮੁਕਾਮ ਕਰੇਂ ॥ ਪੁਨਃ ਹਮ ਨੇ ਅਰਜ ਕਰੀ ਹੇ ਸਚੇ ਪਾਤਸਾਹ ਜੀ ਆਜ ਹਮਾਰੇ ਔ ਕੁਟੀਆ ਕੇ ਬਡੇ ਭਾਗ ਜਾਗੇ ਹੈ ਜੋ ਆਪ ਕੇ ਚਰਣ ਕਮਲ ਪਰਣ ਕੁਟੀ ਮੇ ਭੀਲਣੀ ਕੇ ਬੇਰ ਔ ਸੁਦਾਮੇ ਕਾ ਸਾਗ

ਪਾਇ ਕੇ ਵਿਸ੍ਰਾਮ ਕਰੈਗੇ ॥ ਐਸੇ ਹਮਾਰੀ ਅਰਜ ਸੁਣ ਕੇ ਹਜੂਰ ਤਾਤ ਕਾਲ ਹੀ ਅਸਵਾਰ ਹੋ ਕੇ ਡੇਰੇ ਕੋ ਆਏ । ਅਬੀ ਤਰਨ ਤਾਰਨ ਹਜੂਰ ਕਾ ਡੇਰਾ ਆਯਾ ਨਹੀਂ ਥਾ । ਜੋ ਹਮ ਨੇ ਪ੍ਰਥਮ ਹੀ ਭਿਖਯੂ ਭਾਈ ਵੀਰ ਸਿੰਘ ਕੇ ਹਾਥ ਡੇਰੇ ਵਾਲੇ ਸਿਖੋਂ ਕੋ ਕਹ ਭੇਜਿਆ ਥਾ ਕੇ ਗੁਰੂ ਸਾਹਿਬ ਸਿੰਘ ਜੀ ਕਾ ਡੇਰਾ ਆਵਤਾ ਹੈ ॥ ਤੁਮਨੇ ਪ੍ਰਸਾਦ ਤਿਆਰ ਕਰ ਰਖਣਾ ਕੜਾਹ ਪ੍ਰਸਾਦਿ ਤਸਮਈ ਦਾਲਾਂ ਆਦਿਕ ਔਰ ਜਲ ਭੀ ਗਰਮ ਕਰ ਰਖਣੇ ਸੀਤਕਾਲ ਕੇ ਦਿਨ ਹੈ ਕੋਈ ਸਿੰਘ ਇਸਨਾਨ ਕਰੇਗਾ ਕੋਈ ਚਰਨ ਧੋਵੇਗਾ ਕੋਈ ਕੇਸੀ ਇਸਨਾਨ ਪੰਜ ਇਸਨਾਨ ਕੋਈ ਦਾਹੜਾ ਹੀ ਧੋਵੇਗਾ ਸੋ ਗੁਰੂ ਜੀ ਕੇ ਡੇਰੇ ਪਹੁੰਚਨੇ ਸੇ ਪ੍ਰਥਮ ਹੀ ਪ੍ਰਸਾਦਿ ਸਰਬ ਪ੍ਰਕਾਰ ਕਾ ਡੇਰੇ ਵਾਲ ਸਿੰਘੋ ਨੇ ਤਿਆਰ ਕਰ ਰਖਾ ਥਾ ਜਬ ਗੁਰੂ ਜੀ ਕੀ ਅਸਵਾਰੀ ਸੰਘੋਗ੍ਰਾਮ ਮੇ ਪਹੁੰਚੀ ਤਬ ਡੇਰੇ ਕੇ ਸਿੰਘ ਸੁੰਦਰ ਗ੍ਰੰਥ ਸਾਹਿਬ ਜੀ ਕੇ ਸ਼ਬਦ ਗਾਵਤੇ ਹੂਏ ਆਗੇ ਹੀ ਆਇ ਮਿਲੇ ਜੋੜਯਾ ਕੇ ਸ਼ਬਦ ਗਾਵਤੇ ਹੂਏ ਹਜੂਰ ਕੇ ਸਾਥ ੨ ਈਹਾਂ ਆਏ ਜਹਾਂ ਪਰ ਅਬ ਸਾਹਿਬ ਕਾ ਦਮਦਮਾ ਹੈ ਇਥੇ ਤਾਤ ਕਾਲ ਹੀ ਸਾਹਿਬ ਕੇ ਬੈਠਨੇ ਅਰਥ ਪ੍ਰਯੰਕ ਬੜਾ ਸੁੰਦਰ ਬਿਛ ਜਾਤਾ ਭਯਾ ਸੁੰਦਰ ਚਾਦਨਯਾ ਤੰਬੂ ਘੋਪੇ ਛੋਲਦਾਰਯਾਂ ਲਗ ਜਾਤਾ ਭਯਾ । ਤਦਨੰਤਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਈਹਾਂ ਆਇ ਕੇ ਪ੍ਰਯੰਕ ਪਰ ਬਿਰਾਜਮਾਨ ਹੋ ਕੇ ਬਡ ਪ੍ਰਸੰਨ ਹੋਤੇ ਭਏ ॥ ਤਦਨੰਤਰ ਗੁਰੂ ਜੀ ਕੀ ਇਛਾ ਅਨੁਸਾਰ ਪ੍ਰਸਾਦ ਕਾ ਥਾਲ ਸਵਰਣ ਕਾ ਔ ਸਵਰਣ ਕੇ ਹੀ ਕੌਲ ਅਨੇਕ ਪ੍ਰਕਾਰ ਕੇ ਸਵਾਦੂ ਰਸੋ ਵਾਲੇ ਸਾਲਨੇ ਸਾਕ ਭਾਜਯੋਂ ਸੇ ਭਰੇ ਹੂਏ ਥਾਲ ਮੇ ਰਖੇ ਹੂਏ ਖਟਰਸੋ ਸੰਯੁਕਤ ਥੇ । ਜਬ ਥਾਲ ਹਜੂਰ ਕੇ ਆਗੇ ਆਇ ਕੇ ਟਿਕਯਾ ਤਬ ਬਚਨ ਹੂਆ ਕਿਉ ਭਾਈ ਵੀਰ ਸਿੰਘ ਸਭ ਡੇਰੇ ਮੇ ਪ੍ਰਸਾਦ ਵਰਤਿਆ ਹੈ ਤਬ ਹਮ ਨੇ ਹਾਥ ਜੋੜ ਕੇ ਅਰਦਾਸ ਕਰੀ ਕੇ ਹਾਂ ਸਚੇ ਪਾਤਸਾਹ ਜੀ ਸਭ ਕੋ ਪ੍ਰਸਾਦ ਆਪ ਕੀ ਕ੍ਰਿਪਾ ਦ੍ਰਿਸ਼ਟੀ ਸੇ ਮਿਲ ਗਯਾ ਹੈ ਤਬ ਗੁਰੂ ਜੀ ਪ੍ਰਸੰਨ ਹੋ ਕੇ ਪ੍ਰਸਾਦ ਛਕ ਕੇ ਬਿਰਾਜ ਗਏ ॥ ਪੁਨ: ਕਿੰਚਤ ਕਾਲ ਪੀਛੇ ਬਾਰ ਕੀ ਝਾੜਯੋਂ ਕੀ ਓਰ ਦ੍ਰਿਸਟੀ ਕਰਕੇ ਬਚਨ ਕਰਤੇ ਭਏ ॥ ਕਿਉਂ ਭਾਈ ਵੀਰ ਸਿੰਘ ਏਹ ਅੰਬ ਅਨਾਰ ਸੰਗਤਰਾ ਆਦਿਕ ਬਾਗੋਂ ਕੇ ਬ੍ਰਿਛ ਖੜੇ ਹੈ ॥ ਤਬ ਹਮਨੇ ਹਾਥ ਜੋੜ ਕੇ ਅਰਦਾਸ ਕਰੀ ਕੇ ਹਾਂ ਗੁਰੂ ਜੀ ਯੇ ਅੰਬ ਆਦਿਕ ਬ੍ਰਿਛ ਆਪ ਕੀ ਕ੍ਰਿਪਾ ਦ੍ਰਿਸਟੀ ਸੇ ਖੜੇ ਹੈ ਈਹਾਂ ਏਕ ਨਿਸਾ ਨਿਵਾਸ ਕਰਕੇ ਅਗਲੇ ਦਿਨ ਬਡੀ ਅਨੁਗ੍ਰਹ ਕਰਤੇ ਹੂਏ ਅਨੇਕ ਪ੍ਰਕਾਰ ਕੇ ਵਰ ਦੇ ਕੇ ਸ੍ਰੀ ਉਨੇਸ ਜੀ ਬਿਦਾ ਹੋ ਕੇ ਈਹਾਂ ਸੇ ਗੋਇੰਦਵਾਲ ਕੇ ਰਸਤੇ ਸਵ ਅਸਥਾਨ ਕੋ ਚਲੇ ਜਾਤੇ ਭਏ ॥ ਸੋ ਹੇ ਸਾਧੂ ਸੰਗਤ ਜੀ ਇਸ ਰੀਤੀ ਸੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਵਚਨ ਸੇ ਹੀ ਇਸ ਮਾਝੇ ਕੀ ਭੂਮੀ ਮੈ ਯੇ ਆਂਬ੍ਰਾ ਆਦਿਕ ਉਤਮ ਬ੍ਰਿਛੋ ਕੋ ਬਾਗ ਲਾਗ ਰਹਯੇ ਔਰ ਸਰਬ ਸਪਤੀ ਸ੍ਰੀ ਗੁਰੂ ਜੀ ਕੀ ਕ੍ਰਿਪਾ ਦ੍ਰਿਸ਼ਟੀ ਕਾ ਪ੍ਰਤਾਪ ਹੈ ॥ ਇਸ ਪ੍ਰਕਾਰ ਕੀ ਸੁੰਦਰ ਕਥਾ ਮਹਾਂਰਾਜ ਜੀ ਕੇ ਮੁਖਾਰਬਿੰਦ ਸੇ ਸ੍ਰਵਣ ਕਰਕੇ ਸਰਬ ਸਿੰਘ ਬਡੇ ਪ੍ਰਸੰਨ ਗਦ ਗਦ ਹੋ ਕੇ ਪ੍ਰੇਮ ਕਰਕੇ ਗੁਰੂ ਵੀਰ ਸਿੰਘ ਜੀ ਕੇ ਚਰਨ ਕਮਲੋ ਪਰ ਨਿਮਸਕਾਰ ਕਰਤੇ ਭਏ ॥ ਪੁਨ: ਬਚਨ ਹੂਆ ਹੇ ਸਾਧ ਸੰਗਤ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੋ ਤੁਮਨੇ ਸਾਧਨ ਸੰਪਤੀ ਯੁਕਤ ਸਾਮਰਥ ਵਾਲਾ ਮਾਨੁਖ ਨਹੀਂ ਜਾਣਨਾ ਕਿਉਂ ਯੇ ਗੁਰੂ ਸਾਹਿਬ ਸਿੰਘ ਜੀ ਸਾਖਯਾਤ ਈਸਵਰ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹੈ ॥ ਕੇਵਲ ਸੰਸਾਰ ਕੇ ਉਧਾਰ ਵਾਸਤੇ ਹੀ ਗੁਰੂ ਜੀ ਜੁਗ ਜੁਗ ਵਿਖੇ ਧਰਮ ਕੀ ਰਖਯਾ ਅਰਥ ਅਵਤਾਰ ਧਾਰਤੇ ਹੀ ਰਹਤੇ ਹੈ ਇਸ ਮੇ ਕੁਛ ਸੰਸਾ ਨਹੀਂ ਹੈ ॥ ਇਤਿ ॥

# NANAK PANTHIS

(Cont. from Last Issue)

*Guru Har Rai* is the grandson of Guru Hargobind. His father Gurditta, Known as Babajio, at first desired Guru Hargobind that he might pass on the rein of successorship into his (Gurditta's) control. [At this time] Gurditta Ghora, a Sikh, brought his daughter for [marriage with] Babajio. Baba (jio) wanted to send her to his special herem when the mother of Har Rai, who, on account of the carelessness with which Babājio treated her, wanted that women (to be given) to some other man, came to Guru Hargobind and complained. Having heard her, Guru Hargobind said to Babajio: "I regard Naghora (Guruditta Ghora ?) as a son of mine. His daughter cannot be married to my son." Naghora (Gurditta Ghora ?) did not agree to taking away his daughter and returning of the sedan-chair (litter). On account of his humble requests, Babajio did not reject his wish. Guru Hargobind said : "May this matrimonial connection and its fulfilment never take place." In those very days Babajio passed away with the bridegroom's robes on. The daughter of Gurditta Ghora returned home a virgin.

So, therefore the great Guru favoured Har Rai. the eldest son of Babajio, with an eye of kindness and addressed him as Babajio. At the time of his death, he (Guru Hargobind) istalled him (Har Rai) on his own seat (of Guruship), put the robe of successorship on his body and ordered (his) progeny and all his family-members to obey him.

Har Rai remained at Kiratpur for one year. In the year one thousand and fifty five (Hijri), when Najabat Khan, son of Shah Rukh Mirza, having mobilized an army, under the orders of Shah Jahan invaded the territories of Tara Chand and made the Raja a prisoner, Guru Har Rai went to Thapul in the territories of Raja Karam Prakash near Sirhind.

The Sikhs call Har Rai the Seventh Mahal. He is very well known to the chronicler.

Having acquainted himself, the author now writes about some of the famous Masands and divine Ramdasis and presents some of the char cteristics (customs and manners) of this sect. They call their successors Ramdas also. The late Emperor Jahangir and Emperor Shah Jahan called the Guru, Ramdas, that is the God of the idolatorous Ramdasis.

Jhanda is one of the propagandists of the Guru. He is a wealthy man. He does not talk to any one and has nothing to do with the good and bad of any one. One day his foot had a wound. Hargobind said. "You don't wear shoes" On hearing this, he immediately put off his shoes and went about with naked feet for three months. When the Guru came to know of it, he said: "Put on (your shoes). I had told you (to put off your shoes) for the healing of the wound."

Some days afterwards Guru said: "Tell the Sikhs that they may bring firewood for the kitchen so that it may be Sawab (virtuous) to them." Jhanda disappeared early next day in spite of the fact that on other days he did not get up from sleep till mid-day. As people thought of the madness of his brain, they thought that he had gone out. The Guru and people searched for hem and saw that he was coming with a bundle of firewood on his shoulder. The Guru said : "I did not tell you (to bring firewood)." He replied ; "You ordered the Sikhs. I am a Sikh, and I know of no higher dignity."

Once the Guru went inside a garden. He said to Jhanda : "You remain at the gate." By chance the Guru, going out by another door, went home. Jhanda stood there for three days till Guru Hargobind, on hearing of it, called him back.

Guru Hargobind had a diciple named Bidhia. He sent a man to bring grain from the place where it was sown. That man gave away the whole of it and said to Bidhia, "You used to distribute it to the needy people. I also did the same at that place. And you are saved from the expenses of transporting it. Bidhia was at first a thief. Now also his followers have inclination for theft. He tries his utmost in the obedience of the Guru. His belief is that whatever they steel for the Guru is praiseworthy, and that there is Sawab, for future reward of virtue, in it. The Sikhs say that Guru Hargobind said, "On the day of retribution they will not ask from my diciples (the account of) their deeds."

Sadh is one of the diciples of the Guru. According to the Guru's orders he set out from Balakh to Iraq for bringing horses. He had a grown up son who fell sick. People said : "You are still in the city of Balakh, only one stage distant from home, see your son." He replied : "If he will die, there is plenty of firewood in the house. You may cremate him. I have set may face in the service of the Guru. I shall not return." At last the boy passed away and he (Sadh) did not return.

At last he brought three Iraqi horses. Khalil Beg, a tyrant, took hold of them. This did not bring good luck to him. During that very year his son, who was the cause of it, died and he himself was dishonoured and disgraced.

Sadh is a person who does not become elated by joys and depressed by sorrows.

Once the author was a companion with him from Kabul to the Punjab. The belt of my skin-coat snapped. Sadh instantly took off his Brahmanical thread and put up a patch in that place (that is, patched the belt with it). I said "Why did you do like this ?" He replied, "The wearing of the thread is an undertaking of service. When I neglect the service of friends, I become non-wearer of thread.

Verse

This knotless thread is although a single thread :

In a cloister it is a Tasbi, in an idol-temple a zannar.

A Sikh asked Guru Hargobind : "In the absence of the Guru, how shall I find him ?" He replied : "Reckon every Sikh, who taking the name (of God or Guru) comes to yours house, as Guru.

It is a practice amongst the Sikhs that whatever wish they have, they present whatever they can as an offering before a Masand, or a Sikh, in an assembly of the Sikhs and request that they (the assembly of the Sikhs) should join their hands (in prayers) towards the Guru and pray that his wish be fulfilled. The Guru, too, requests his wishes to be fulfilled in the same manner from the 'Sangat': that is, an assembly of the Sikhs. This custom is also prevalent among the Sipasians, that is, the Yazdanis, The belief of this sect is that when a large number of people fix their attention on the fulfillment of a certain thing, it surely comes to be, because it (the prayer) has the fullest effect.

Among the Sikhs there is nothing of the austerities and worship as enjoyed by the religious laws of the Hindus. In eating and drinking they have no restrictions (like the Hindus). When Partap Mal Giani saw a Hindu boy who had a mind to embrace Islam, he said : 'Why do you become a Muhammadan ? If you have an inclination to eat every thing, you may become a Sikh of the Guru and eat whatever you like."

The belief of the Sikhs is that the disciples of the Guru all go to heaven. Whoever takes the name of the Guru and comes into the house of a Sikh, they do not prohibit him. They say, a thief, taking the name of the Guru, came into the house of a Sikh, The Sikh served him according to their custom. In the morning the Sikh went out so that he might bring some thing better (to cook) for him. The thief found the wife of the Sikh with many jewels. Having at once killed her, and taking away the jewels, he stepped out (went out of the house). In the way he met the master of the house. The Sikh took him back by force (compelled the thief to return to the house with him). When they came to the house they found the wife killed. The thief thought that the Sikh had found it out, and, therefore, told him the truth. The Sikh replied,

"You have done well (that is, what has happened is in his will)""He closed the door of the room He said to the neighbours : "My wife is ill." He cooked the food, ate himself and gave to the thief, and said : "Come out (that is, you may go away now). He did not take the jewels from him and presented them to him. And he cremated his wife.

Similarly they say that a 'Qalandar' was staying in the house of a Sikh. One day the Qalandar said to the wife of the Sikh : "For the sake of the Guru, satisfy my desire." The woman said : "Remain contented (in the will of God). I am property of another." Out of fear, the Qalandar did not come to the house of the Sikh again. Tha Sikh enquired : "Why does dot the 'darvesh' come ?" The wife told him of the Darvesh's request. The Sikh said : "Why did you refuse his request." The woman we t out and bringing the Qalandar by request, united with him. In the month of Bai akh when they went to the Guru,—and that Guru was Hargobind--the Guru wrathfully looked at the Qalander and said : "I have smitten him " The Qalandar became a leper.

Similarly they say that one of the Gurus, on seeing a speaking parrot, praised it. A sikh heard it. Going to the master of the parrot, who was a soldier, he asked for the parrot. The soldiers said : If you give your daughter (to me), I will give the parrot to you." The Sikh accepted it. Again he (soldier) laughed and said : If you give your wife (to me), the parrot become yours." The Sikh accepted it. He took the soldier home and made over his wife and daughter to him. When the soldier came home ann told the secret to his wife, the wife rebuked him so that, having given the parrot to him (Sikh), he made over the wife and daughter (also) to him. Full of joy, the Sikh went to the Guru.

To conclude, these thing happened before Guru Hargobind. And these are the famous Sikhs of this sect (of the Nanak-Panthis) that are recounted.)

---

# ਊਨੇ ਦਾ ਪਿਛੋਕੜ ਇਤਿਹਾਸ

(U.N.A. — ਊਨਾ)

(ਮੁਨਸ਼ੀ ਜਸਵੰਤ ਸਿੰਘ)

ਭਾਵੇਂ ਇਹ ਊਣਾਂ ਟਿਬਾ ਹੋਣ ਕਰਕੇ ਊਨਾਂ ਸੀ ਪਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਵਸਾਉਣ ਕਰਕੇ ਅੰਤ ਹਰ ਰਾਜਿਆਂ ਦੇ ਝਗੜੇ ਨਿਬੇੜਨ ਤੇ ਇਹ ਅਸਥਾਨ ਊਨਾਂ ਸਾਹਿਬ ਬਣ ਗਿਆ ਬੀਰ ਮਿਰਗੇਸ਼ ਗ੍ਰੰਥ ਵਿਚ ਲਿਖਿਆ ਹੈ ਕਿ (ਊਨੇ ਬਸ ਊਣੇ ਭਰੇ ਹਰੇ ਸੁੱਸਕ ਕਰ ਦੇਤ) ਸ੍ਰੀ ਹਜ਼ੂਰ ਜੀ ਨੇ ਰਾਜਿਆਂ ਦੀ ਬਹੁਤ ਜਗਾ ਸੁਲ੍ਹਾ ਕਰਾਈ। ਦੇਖੋ ਰਾਜ ਖਾਲਸਾ ਕਿਰਤ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ ਦਾ ਲਿਖਿਆ ਅੰਗ ੧੪ ਤੇ (ਮਹਾਰਾਜਾ ਰਣਜੀਤ ਸਿੰਘ ਜੀ ਦੀ ਦੂਜੀ ਫਤਹਿ)।

(ਰਾਜਾ ਸਾਹਿਬ ਸਿੰਘ ਨਾਲ ਜੰਗ)

ਖਬਰ ਹੋਈ ਮਹਾਰਾਜੇ ਨੂੰ ਜਿਸ ਵੇਲੇ ਸਾਹਿਬ ਸਿੰਘ ਗੁਜਰਾਤ ਤੋਂ ਆਂਵਦਾ ਏ।  
ਝਟ ਪਟ ਮੁਹਾਸਰਾ ਛੱਡ ਦਿਤਾ ਪਹਿਲਾਂ ਉਧਰੇ ਵਾਗ ਉਠਾਂਵਦਾ ਏ।  
ਦੋ ਮੀਲ ਗੁਜਰਾਤ ਤੋਂ ਬਾਹਰ ਆ ਕੇ ਸਾਹਿਬ ਸਿੰਘ ਲੜਾਈ ਨੂੰ ਪਾਂਵਦਾ ਏ।  
ਤਿਨ ਦਿਨ ਮਾਰੋ ਮਾਰ ਜੰਗ ਹੋਇਆ ਅੰਤ ਆਨ ਸਰਦਾਰ ਘਬਰਾਂਵਦਾ ਏ।  
ਭਜ ਕਿਲੇ ਦੇ ਵਿਚ ਜਾ ਵੜ ਬੈਠਾ ਘੇਰਾ ਮਹਾਰਾਜਾ ਗਿਰਦ ਪਾਂਵਦਾ ਏ।  
ਨੌਵੇਂ ਦਿਨ ਬਾਬਾ ਸਾਹਿਬ ਸਿੰਘ ਬੇਦੀ ਸਾਹਿਬ ਸਿੰਘ ਦਾ ਸਦਿਆ ਆਂਵਦਾ ਏ।  
ਹਰਜਾ ਫੋਜ ਦਾ ਤੇ ਨਕਦ ਲਖ ਅੱਧਾ ਇਹ ਦਿਵਾ ਕੇ ਸੁਲਾ ਕਰਾਂਵਦਾ ਏ।  
ਤਾਬੇ ਰਹਾਂਗਾ ਸਦਾ ਕਰਤਾਰ ਸਿੰਘਾ ਇਹ ਲਿਖਾ ਫਸਾਦ ਮਿਟਾਵੰਦਾ ਏ।

ਜੋ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਫੈਸਲਾ ਕਰ ਦਿੰਦੇ ਸਨ ਉਹ ਫੈਸਲਾ ਅਟੱਲ ਗਿਣਿਆ ਜਾਂਦਾ ਸੀ ਅਗੇ ਚਲ ਕੇ ਫਿਰ ਗਿਆਨੀ ਕਰਤਾਰ ਸਿੰਘ ਜੀ ਨੇ ਲਿਖਿਆ ਹੈ ਜਦੋਂ ਹਕੂਮਤ ਅੰਗ੍ਰੇਜ਼ੀ ਦਾ ਵਕੀਲ (ਮਿਸਟਰ ਮਟਕਾਫ ਸਾਹਿਬ ੧੮੬੫ ਸੰਮਤ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਕਸੂਰ ਦੇ ਨੇੜੇ ਸਰਕਾਰ ਕੰਪਨੀ ਨਾਲ ਹਦ ਬੱਨਾਂ ਕਾਇਮ ਕਰਨ ਲਈ ਤਦਬੀਰ ਕਰਨੀ ਤੇ ਮਹਾਰਾਜੇ ਨੇ ਅਪਣਾ ਬੰਨਾਂ ਦਰਯਾ ਜਮਨਾ ਤਕ ਪੱਕਾ ਕਰਨ ਵਾਸਤੇ ਤਦਬੀਰ ਕਰਨੀ ਤੇ ਰਾਜਾ ਸਾਹਿਬ ਸਿੰਘ ਪਟਿਆਲੇ ਦੇ ਰਾਜੇ ਨਾਲ ਸ੍ਰੀ ਹਜ਼ੂਰ ਜੀ ਨੇ ਪੱਕੀ ਦੋਸਤੀ ਕਰਾਉਣੀ (੪੯ ਅੰਗ ਰਾਜ ਖਾਲਸਾ ਵਿਚ ਇਉਂ ਦਰਜ ਹੈ)

ਤੁਸੀਂ ਸਾਹਿਬ ਦੇ ਤਾਂਈ ਅਟਕਾਈ ਤਖੋ ਮੁਹਤਬਿਰਾਂ ਤਾਂਈ ਸਿਖਾ ਕਰਕੇ।  
ਆਪ ਹੋ ਸਤਲੁਜ ਤੋਂ ਪਾਰ ਕਰਕੇ ਝਬਦੇ ਜ਼ੈਲਦਾਰ ਅਮੀਰ ਬੁਲਾ ਕਰਕੇ।  
ਅਸਾਂ ਤਾਬਿਆ ਸਦਾ ਲਾਹੌਰ ਦੀ ਹਾਂ ਲਿਆ ਸਭ ਪਾਸੋਂ ਲਿਖਵਾ ਕਰਕੇ।  
ਸਾਰੇ ਦੇਸ਼ ਦੇ ਸਿਖ ਸਰਦਾਰਾਂ ਪਾਸੋਂ ਈਨ ਆਪਣੀ ਖਾਸ ਮਨਾ ਕਰਕੇ।  
ਘੋੜਾ ਫੇਰ ਲਿਆ ਜਮਨਾ ਤੀਕ ਸਾਰੇ ਪੱਕੇ ਬਾਨ੍ਹਣੂ ਸਭ ਬਣਾ ਕਰਕੇ।

ਪਕੀ ਦੋਸਤੀ ਨਾਲ ਪਟਿਆਲੇ ਕੀਤੀ ਸਾਹਿਬ ਸਿੰਘ ਬੇਦੀ ਵਿਚ ਪਾ ਕਰਕੇ ।
ਸਾਹਿਬ ਸਿੰਘ ਰਾਜਾ ਧਰਮ ਭਾਈ ਬਣਿਆ ਗੁਰੂ ਸਾਹਿਬ ਦੀਆਂ ਸੌਹਾਂ ਖਾ ਕਰਕੇ ।
ਇਕ ਦੂਸਰੇ ਦੇ ਮਦਦਗਾਰ ਰਹਾਂਗੇ ਪੱਕੇ ਕਰ ਇਕਰਾਰ ਸੁਨਾ ਕਰਕੇ ।
ਬੰਦੋਬਸਤ ਪੱਕੇ ਸਰਕਾਰ ਕੀਤੇ ਆਂਦੇ ਪਿਛਾਂ ਨੂੰ ਵਾਗ ਭਵਾ ਕਰਕੇ ।
ਸੰਮਤ ਠਾਰਾਂ ਸੈ ਪੈਂਹਠ ਕਰਤਾਰ ਸਿੰਘਾ ਦਿਨ ਮਘਰ ਬਾਈ ਲੰਘਾ ਕਰਕੇ ।

ਸਾਰੇ ਹੀ ਰਾਜੇ ਮਹਾਰਾਜ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੂੰ ਆਪਣੇ ਗੁਰੂ ਸਮਝਦੇ, ਜੋ ਫੈਸਲਾ ਦੇਣ ਹਥ ਜੋੜ ਕੇ ਸਿਰ ਨਿਵਾਉਂਦੇ ਸਨ ।

ਪੰਜੌਰ ਤੇ ਹੰਡੂਰ ਦੇ ਰਾਜੇ ਨਾਲ ਫੈਸਲਾ ਬਾਬਾ ਜੀ ਨੇ ਕਰਵਾਇਆ ।

ਇਸੀ ਕਰਕੇ ਇਸ ਨੂੰ ਯੂਨਾਈਟਿਡ ਨੈਸ਼ਨਲ ਅਸੈਂਬਲੀ ਕਿਹਾ ਹੈ ।

# ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ

(ਡਾ: ਗੰਡਾ ਸਿੰਘ—ਅਜੂਨੀ ਮਾਰਚ 1972 ਵਿਚੋਂ)

ਵਿਆਹ ਤੋਂ ਕੁਝ ਦਿਨ ਮਗਰੋਂ ਹੰਡੂਰ ਦੇ ਰਾਜਾ ਰਾਮਸ਼ਰਨ ਦਾ ਇਕ ਇਤਬਾਰੀ ਇਕ ਬੇਨਤੀ ਪੱਤਰ ਲੈ ਕੇ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ ਕਿ ਪੰਜੌਰ ਦੇ ਮਾਲਕ ਨੇ ਰਾਜਾ ਸਾਹਿਬ ਉਤੇ ਹੱਲਾ ਕਰ ਦਿਤਾ ਹੈ । ਰਾਜਾ ਸਾਹਿਬ ਆਪ ਦਾ ਸੇਵਕ ਹੈ, ਇਸ ਲਈ ਕ੍ਰਿਪਾ ਪੂਰਬਕ ਆਪ ਉਸ ਦੀ ਸਹਾਇਤਾ ਕਰੋ । ਬਦੀ ਸਾਹਿਬ ਹੰਡੂਰ ਵਲ ਚਲੇ ਗਏ । ਪੰਜੌਰ ਦੇ ਲੋਕਾਂ ਅਤੇ ਹੰਡੂਰ ਦੇ ਰਾਜੇ ਵਿਚਕਾਰ ਲੜਾਈ ਹੋਈ, ਪਰ ਬੇਦੀ ਸਾਹਿਬ ਸਹਾਇਤਾ ਦੇ ਕਾਰਨ ਪੰਜੌਰ ਦੀ ਫੌਜ ਸਫਲ ਨਾ ਹੋ ਸਕੀ । ਤੰਗ ਆਕੇ ਰਾਣੀ ਆਸ ਕੌਰ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਈ ਅਤੇ ਗੁਰੂ ਸਾਹਿਬ ਨੇ ਉਹਨਾਂ ਵਿਚਕਾਰ ਸੁਲਾਹ ਕਰਵਾ ਦਿਤੀ । ਇਸ ਝਗੜੇ ਦੇ ਨਿਪਟਣ ਉਪਰੰਤ ਹੰਡੂਰ ਦੇ ਰਾਜਾ ਸਾਹਿਬ ਨੇ ਇਕ ਹਾਥੀ ਸੁਨਹਿਰੀ ਅਤੇ ਚਾਂਦੀ ਦੇ ਸਾਜ਼ ਸਹਿਤ ਦੋ ਘੋੜੇ, ਸਰੋਪਾ, ਨਕਦੀ ਅਤੇ ਹੀਰੇ ਮੋਤੀ ਬੇਦੀ ਸਾਹਿਬ ਦੇ ਪੇਸ਼ ਕੀਤੇ ਅਤੇ ਉਹਨਾਂ ਨੂੰ ਵਿਦਾ ਕੀਤਾ । ਸ. ਹਰਸਾ ਸਿੰਘ ਫਰਾਰੀ ਵਾਲਾ ਸੇਵਾਂ ਵਿਚ ਹਾਜ਼ਰ ਹੋਇਆ ਅਤੇ ਉਹਨਾਂ ਨੂੰ ਆਪਣੇ ਘਰ ਲੈ ਗਿਆ । ਪਲੇਨਗੜ੍ਹ ਦੇ ਖੂਹ ਵਿਚ ਪਾਣੀ ਨਹੀਂ ਸੀ ਠਹਿਰਦਾ । ਸੇਵਕਾਂ ਨੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਕਿਰਪਾ ਕਰੋ ਕਿ ਖੂਹ ਵਿਚ ਪਾਣੀ ਠਹਿਰ ਜਾਏ । ਗੁਰੂ ਸਾਹਿਬਾਂ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨੀ ਅਤੇ ਆਪਣੀ ਗੜਵੀ ਦਾ ਪਾਣੀ ਉਸ ਖੂਹ ਵਿਚ ਪੁਆ ਦਿਤਾ । ਉਸ ਸਮੇਂ ਬੜਾ ਚੰਗਾ ਪਾਣੀ ਖੂਹ ਵਿਚ ਹੋ ਗਿਆ ।

ਫੇਰ ਮਾਲਵੇ ਭਾਵ ਦੁਆਬ ਦੇ ਵਿਚਕਾਰ ਜਗਾਧਰੀ ਅਤੇ ਸ਼ਾਹ ਬਾਦ ਦੀ ਸੈਰ ਕਰਕੇ ਸੰਮਤ 1845 ਮੁਤਾਬਕ ਸੰਨ 1788 ਵਿਚ ਰਾਇਪੁਰ ਆ ਗਏ । ਰਾਏਪੁਰ ਦਾ ਸਰਦਾਰ ਹਿੰਮਤ ਸਿੰਘ ਭੇਟ ਕਰਨ ਲਈ ਇਕ ਘੋੜਾ ਲੈਕੇ ਹਾਜਰ ਹੋਇਆ । ਮਹਾਰਾਜਾ ਪਟਿਆਲਾ ਵੀ, ਜੋ

ਗੁਰੂ ਸਾਹਿਬ ਦੀ ਵਡਿਤਨ ਦੀਆਂ ਸਿਫਤਾਂ ਸੁਣ ਚੁਕਾ ਸੀ ਅਤੇ ਉਹਨਾਂ ਦੇ ਚਰਨ ਚੁੰਮਣ ਦਾ ਅਭਿਲਾਖੀ ਸੀ, ਹਾਜ਼ਰ ਹੋਇਆ। ਉਸ ਨੇ ਬਹੁਤ ਸਾਰਾ ਅਮੁੱਲਾ ਸਾਮਾਨ ਅਤੇ ਆਪਣੇ ਵਿਤ ਅਨੁਸਾਰ ਨਜ਼ਰਾਂ ਅਤੇ ਸੁਗਾਤਾਂ ਪੇਸ਼ ਕੀਤੀਆਂ। ਗੁਰੂ ਸਾਹਿਬ ਉਸ ਤੋਂ ਬਹੁਤ ਪ੍ਰਸੰਨ ਹੋਏ। ਮਹਾਰਾਜੇ ਨੇ ਪੁਤਰ ਬਖਸ਼ਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਵਰ ਦਿਤਾ ਅਤੇ ਕੁਝ ਸਮੇਂ ਉਪਰੰਤ ਰਾਜਾ ਕਰਮ ਸਿੰਘ ਦਾ ਜਨਮ ਹੋਇਆ। ਗੁਰੂ ਸਾਹਿਬ ਨੇ ਸੰਮਤ 45 ਦਾ ਹੋਲਾ ਰਾਏਪੁਰ ਵਿਚ ਹੀ ਮਨਾਇਆ। ਇਕ ਦਿਨ ਗੁਰੂ ਸਾਹਿਬ ਬਾਹਰ ਚਲੇ ਗਏ। ਉਥੇ ਗੰਨੇ ਦਾ ਇਕ ਖੇਤ ਵੇਖਿਆ। ਗੁਰੂ ਸਾਹਿਬ ਕਦੇ ਕਦੇ ਮਦਾਨ ਮਾਰਨ ਲਈ ਉਸ ਖੇਤ ਵਿਚ ਜਾਇਆ ਕਰਦੇ ਸਨ। ਇਕ ਦਿਨ ਉਨ੍ਹਾਂ ਕਿਹਾ ਕਿ ਗੰਨੇ ਦੇ ਖੇਤ ਵਿਚ ਆਦਮੀ ਦਾ ਸ਼ਿਕਾਰ ਕਰਨਾ ਹੈ ਸੇਵਕਾਂ ਨੇ ਉਸ ਖੇਤ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਅਤੇ ਆਦਮੀ ਦੀ ਟੋਲ ਅਰੰਭੀ। ਇਕ ਹਥਿਆਰਬੰਦ ਬੰਦਾ ਫੜਿਆ ਗਿਆ। ਪਹਿਲਾਂ ਤਾਂ ਉਸ ਨੇ ਅਸਲ ਗੱਲ ਦੱਸਣ ਤੋਂ ਇਨਕਾਰ ਕੀਤਾ, ਫੇਰ ਬੇਨਤੀ ਕੀਤੀ ਕਿ ਜੇ ਮੇਰੀ ਜਾਨ ਬਖਸ਼ ਦਿਓ ਤਾਂ ਮੈਂ ਸੱਚੀ ਗੱਲ ਦਸਦਾ ਹਾਂ। ਉਸ ਨੇ ਕਿਹਾ ਕਿ ਮੈਨੂੰ ਰਾਏ ਕੱਲਾ ਨੇ ਇਕ ਹਜ਼ਾਰ ਰੁਪਈਆ ਇਨਾਮ ਦਾ ਦੇਣਾ ਕਰਕੇ ਆਪ ਨੂੰ ਮਾਰਨ ਲਈ ਭੇਜਿਆ ਸੀ ਅਤੇ ਮੇਰੀ ਮਨਸ਼ਾ ਸੀ ਕਿ ਜਦ ਤੁਸੀਂ ਮਦਾਨ ਮਾਰਨ ਲਈ ਖੇਤ ਵਿਚ ਆਵੋਗੇ ਤਾਂ ਮੈਂ ਤੁਹਾਡੇ ਤੇ ਵਾਰ ਕਰਾਂਗਾ। ਹੁਣ ਮੈਂ ਆਪ ਹੀ ਫੜਿਆ ਗਿਆ ਹਾਂ। ਗੁਰੂ ਸਾਹਿਬ ਨੇ ਉਸ ਨੂੰ ਛੱਡ ਦਿਤਾ ਅਤੇ ਕਿਹਾ ਕਿ ਰਾਏ ਕੱਲਾ ਨੇ ਪਹਿਲਾਂ ਭਾਜੀ ਪਾਈ ਹੈ, ਇਸਦਾ ਬਦਲਾ ਫੇਰ ਦਿਤਾ ਜਾਏਗਾ।

ਸੰਨ 1779 ਈ: ਵਿਚ ਗੁਰੂ ਸਾਹਿਬ ਦੁਆਬਾ ਜਲੰਧਰ ਵੱਲ ਚਲੇ ਗਏ ਅਤੇ ਬੰਗਾ ਦੇ ਨੇੜੇ ਹਮੀਰ ਵਾਲਾ ਪਿੰਡ ਜ਼ਿਲਾ ਜਲੰਧਰ ਵਿਚ ਪਹੁੰਚੇ। ਸਰਦਾਰ ਧਰਮ ਸਿੰਘ ਖਤਰੀ ਉਪਨਾਂ ਅੰਮ੍ਰਿਤਸਰੀਆ, ਜੋ ਬੰਗਾ ਇਲਾਕੇ ਦਾ ਹਾਕਮ ਸੀ, ਸੇਵਾ ਵਿਚ ਹਾਜ਼ਰ ਹੋਇਆ ਅਤੇ ਇਕ ਘੋੜਾ, ਪੰਜ ਸੌ ਰੁਪਈਏ ਅਤੇ ਸਿਰੋਪਾ ਭੇਟ ਕੀਤਾ। ਉਸ ਨੇ ਬੇਨਤੀ ਕੀਤੀ ਕਿ ਆਪ ਕਿਰਪਾ ਪੂਰਵਕ ਮੇਰੇ ਘਰ ਪਰਸ਼ਾਦਾ ਛਕੋ। ਹਜ਼ੂਰ ਨੇ ਕਿਹਾ ਵੇਖੀ ਜਾਏਗੀ। ਸਰਦਾਰ ਨੇ ਆਪਣੇ ਘਰ ਵਿਚ ਪਰਸ਼ਾਦ ਦੀ ਤਿਆਰੀ ਅਰੰਭ ਕਰ ਦਿਤੀ। ਸਰਦਾਰ ਦਾ ਸਾਥੀ ਮੁਤਸਦਾ ਸਿੰਘ ਆਪਣੇ ਭੈੜੇ ਸੁਭਾਉ ਦੇ ਕਾਰਨ ਆਪਣੇ ਦਿਲ ਵਿਚ ਸੜਦਾ ਸੀ ਅਤ ਸਰਦਾਰ ਨੂੰ ਵੀ ਵੈਰ ਨਾਲ ਪ੍ਰੇਰਦਾ ਰਹਿੰਦਾ ਸੀ। ਜਦ ਸਵਾ ਪਹਿਰ ਰਾਤ ਰਹੀ, ਤਾਂ ਗੁਰੂ ਸਾਹਿਬ ਪੁਰਾਣੀ ਆਦਤ ਅਨੁਸਾਰ ਉਠੇ ਅਤੇ ਇਸ਼ਨਾਨ ਕੀਤਾ ਤੇ ਉਨਾਂ ਕਿਹਾ ਕਿ ਮੈਨੂੰ ਸ੍ਰੀ ਅਕਾਲ ਪੁਰਖ ਤੋਂ ਹੁਕਮ ਆਇਆ ਹੈ ਕਿ 'ਮੈਂ ਅਗੇ ਨੂੰ ਕਿਸੇ ਦੇ ਘਰੋਂ ਪਰਸ਼ਾਦ ਨਾ ਛਕਾਂ ਅਤੇ ਮੇਰੇ ਲੰਗਰ ਵਿਚ ਪਰਸ਼ਾਦ ਛਕਣ ਲਈ ਬਹੁਤ ਲੋਕ ਆਉਣਗੇ।' ਉਸੇ ਸਮੇਂ ਇਕ ਇਤਬਾਰੀ ਆਦਮੀ ਸਰਦਾਰ ਧਰਮ ਸਿੰਘ ਕੋਲ ਭੇਜਿਆ ਅਤੇ ਉਸ ਨੂੰ ਕਿਹਾ ਕਿ ਜੇ ਪਰਸ਼ਾਦ ਦੀ ਤਿਆਰੀ ਨਾ ਕੀਤੀ ਹੋਵੇ ਤਾਂ ਬੰਦ ਕਰ ਦਿਓ। ਜੇ ਪਰਸ਼ਾਦਾ ਤਿਆਰ ਕਰਨਾ ਅਰੰਭ ਕਰ ਦਿਤਾ ਹੋਵੇ, ਤਾਂ ਇਥੇ ਲਿਆਉਣਾ ਹੋਵੇਗਾ। ਕਿਉਂਕਿ ਉਸ (ਸਰਦਾਰ) ਦਾ ਸਾਥੀ ਪਹਿਲਾਂ ਤੋਂ ਹੀ ਭੈੜੀ ਅਗਵਾਈ ਦੇ ਰਿਹਾ ਸੀ, ਇਸ ਸਮੇਂ ਉਸਨੂੰ ਸ਼ਕਾਇਤ ਦਾ ਹੋਰ ਸਮਾਂ ਮਿਲ ਗਿਆ। ਮੁਸਾਹਿਬ ਨੇ ਸਰਦਾਰ ਧਰਮ ਸਿੰਘ ਨੂੰ ਅਜਿਹੀ ਸਿਖਿਆ ਦਿਤੀ ਕਿ ਉਸਨੇ ਸੇਵਕੀ ਦੀ ਸਰਧਾ ਅਤੇ ਕਰਤੱਵਾਂ ਨੂੰ ਤਿਆਗ ਦਿੱਤਾ, ਪਰ ਸਰਦਾਰ ਧਰਮ ਸਿੰਘ ਦਾ ਪੁਤਰ ਗੱਜਾ ਸਿੰਘ ਨੇ, ਜੋ ਗੁਰੂ

ਸਾਹਿਬ ਉੱਤੇ ਸੱਚਾ ਵਿਸ਼ਵਾਸ ਅਤੇ ਸ਼ਰਧਾ ਰਖਦਾ ਸੀ, ਕਈ ਵਾਰ ਆਪਣੇ ਪਿਤਾ ਨੂੰ ਸਮਝਾਇਆ, ਪਰ ਉਹ ਠੀਕ ਰਾਹ ਤੇ ਨਾ ਆਇਆ। ਗੱਜਾ ਸਿੰਘ ਸੱਚੇ ਦਿਲੋਂ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕਿ ਮੈਂ ਸਾਰੀ ਉਮਰ ਆਪਦੇ ਚਰਨ ਕੰਵਲਾਂ ਤੋਂ ਜੁਦਾ ਨਹੀਂ ਹੋਵਾਂਗਾ। ਗੁਰੂ ਸਾਹਿਬ ਨੇ ਉਸ ਉੱਤੇ ਕਿਰਪਾ ਦ੍ਰਿਸ਼ਟੀ ਕੀਤੀ। ਫਰ ਗੁਰੂ ਸਾਹਿਬ ਸ਼ਿਕਾਰ ਖੇਡਦੇ ਹੋਏ ਅਨੰਦਪੁਰ ਸਾਹਿਬ ਵਲ ਤੁਰ ਪਏ। ਰਾਹ ਵਿਚ ਇਕ ਵੱਡੇ ਸ਼ੇਰ ਨਾਲ ਟਾਕਰਾ ਹੋਇਆ। ਗੁਰੂ ਸਾਹਿਬ ਨੇ ਉਸ ਨੂੰ ਤਲਵਾਰ ਨਾਲ ਪਾਰ ਬੁਲਾਇਆ ਅਤੇ ਸਿਘ ਇਸ ਦੀ ਲਾਸ਼ ਚੁਕਕੇ ਅਨੰਦਪੁਰ ਸਾਹਿਬ ਲੈ ਗਏ। ਸੰਮਤ 1846 ਦਾ ਹੋਲਾ ਅਨੰਦਪੁਰ ਵਿਚ ਹੀ ਮਨ ਇਆ।

ਫੇਰ ਮਾਝੇ ਦੀ ਸੈਰ ਦਾ ਮਨ ਬਣਿਆ। ਰਾਹ ਵਿਚ ਦੁਆਬੇ ਦੀ ਸੰਗਤ ਨੂੰ ਦਰਸ਼ਨ ਦਿਤੇ। ਉਸ ਇਲਾਕੇ ਦੇ ਸਾਰੇ ਸਿਖ ਸਰਦ ਰ ਭੇਟਾ ਪੇਸ਼ ਕਰਦੇ ਰਹੇ। ਸ: ਦਸੌਂਦਾ ਸਿੰਘ ਸੇਵਾ ਵਿਚ ਹਾਜਰ ਹੋ ਕੇ ਦੱਖਣੀ ਸਰਾਂ ਵਿਚ ਲੈ ਗਿਆ ਅਤੇ ਦਸ ਦਿਨ ਤਕ ਡੇਰਾ ਉਥੇ ਹੀ ਰਿਹਾ। ਗੁਰੂ ਸਾਹਿਬ ਦੀ ਵਦਾਇਗੀ ਸਮੇਂ ਸਰਦਾਰ ਸਾਹਬਿ ਨੇ ਘੋੜੇ ਤੇ ਬਹੁਤ ਸਾਰੀ ਮਾਇਆ ਭੇਟ ਕੀਤੀ।

ਏਥੋਂ ਗੁਰੂ ਸਾਹਿਬ ਡੇਰਾ ਬਾਬਾ ਨਾਨਕ ਪੁਜੇ। ਸਾਰੇ ਛੋਟੇ ਵਡੇ ਬੇਦੀ ਸਾਹਿਬਾਨ ਸੇਵਾ ਵਿਚ ਹਾਜ਼ ਹੋਏ ਅਤੇ ਉਨ੍ਹਾਂ ਦੇ ਸੁਭਾਗ ਅਤੇ ਲੰਗਰ ਨੂੰ ਵੇਖ ਕੇ ਬੜੇ ਪ੍ਰਸੰਨ ਹੋਏ। ਬਾਬਾ ਜਾਗੀਰ ਚੰਦ, ਜੋ ਗੁਰੂ ਸਾਹਿਬ ਦਾ ਭਰਾ ਲਗਦਾ ਸੀ, ਆਇਆ ਅਤੇ ਪਲੰਗ ਉਤੇ ਬਰਾਬਰ ਬਹਿ ਗਿਆ। ਦੋ ਘੜੀ ਮਗਰੋਂ ਜਦ ਉਹ ਵਾਪਸ ਡੇਰੇ ਗਿਆ ਤਾਂ ਏਨਾ ਰੋਗੀ ਹੋਇਆ ਕਿ ਮਰਨ ਕਰੀਬ ਹੋ ਗਿਆ। ਫੇਰ ਆਪਣੇ ਅਪਰਾਧ ਨੂੰ ਯਾਦ ਕਰਕੇ ਮਾਫੀ ਮੰਗੀ। ਇਹ ਗੱਲ ਸਾਰੇ ਬੇਦੀ ਬੰਸ਼ ਵਿਚ ਫੈਲ ਗਈ ਅਤੇ ਸਾਰੇ ਬੇਦੀ ਸਾਹਿਬਾਨ ਨੇ ਸਨਮਾਨ ਕੀਤਾ। ਉਸ ਸਮੇਂ ਤੋਂ ਕੋਈ ਵੀ ਬੇਦੀ ਭਾਵੇਂ ਉਹ ਕਿੰਨਾ ਹੀ ਬੁਢਾ ਹੁੰਦਾ ਗੁਰੂ ਸਾਹਿਬ ਦ ਬਰਾਬਰ ਨਾ ਬਹਿੰਦਾ। ਗੁਰੂ ਸਾਹਿਬ ਨੇ ਦਰਬਾਰ ਵਿਚ ਹਾਜ਼ਰ ਹੋ ਕੇ ਆਪਣੀ ਬਰਾਦਰੀ ਲਈ ਅਰਦਾਸ ਅਤੇ ਭਟਾ ਕੀਤੀ। ਗੁਰੂ ਸਾਹਿਬ 3 ਬਿਨ ਉਥੇ ਰਹਿ ਕੇ ਨਨਕਾਣਾ ਸਾਹਿਬ ਵਲ ਚਲ ਪਏ। ਬਾਰ ਦੇ ਇਲਾਕੇ ਵਿਚ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕੀਤੇ ਅਤੇ ਭੇਟਾ ਪੇਸ਼ ਕੀਤੀ। ਉਥੇ ਵੀ ਤਿੰਨ ਦਿਨ ਠਹਿਰ ਕੇ ਗੁਜਰਾਂਵਾਲੇ ਆਏ। ਉਨ੍ਹਾਂ ਹੀ ਦਿਨਾਂ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਪਿਤਾ ਸ: ਮਹਾਂ ਸਿੰਘ ਸੰਮਤ 1847 ਮੁਤਾਬਿਕ ਸੰਨ 1790 ਈ. ਵਿਚ ਚਣਾਣਾ ਕਰ ਗਿਆ ਸੀ। ਇਥੋਂ ਗੁਰੂ ਸਾਹਿਬ ਰਾਮ ਨਗਰ ਚਲੇ ਗਏ। ਮਹਾਰਾਜਾ ਰਣਜੀਤ ਸਿੰਘ ਵੀ ਇਨ੍ਹਾਂ ਹੀ ਦਿਨਾਂ ਵਿਚ ਰਾਮ ਨਗਰ ਦੇ ਨੇੜ ਮਿਆਨੀ ਵਿਚ ਠਹਿਰੇ ਹੋਏ ਸਨ ਅਤੇ ਉਨ੍ਹਾਂ ਦੇ ਵਿਰੋਧੀ ਸਰਦਾਰ ਉਨ੍ਹਾਂ ਦਾ ਕੰਮ ਖਰਾਬ ਕਰਨ ਤੇ ਲਗੇ ਹੋਏ ਸਨ।

ਮਹਾਰਾਜਾ ਸਾਹਿਬ ਗੁਰੂ ਸਾਹਿਬ ਦੇ ਆਉਣ ਦੀ ਸ਼ੁਭ ਖਬਰ ਸੁਣ ਕੇ ਉਨ੍ਹਾਂ ਦੀ ਸੇਵਾ 'ਚ ਹਾਜ਼ਰ ਹੋਏ ਮਹਾਰਾਜਾਂ ਸਾਹਿਬ ਦੀ ਮਾਤਾ ਨੇ ਬਹੁਤ ਸਾਰਾ ਗਹਿਣਾ ਅਤੇ ਰਾਣੀ ਮਹਿਤਾਬ ਕੌਰ ਨੇ ਛਾਤੀ ਦੇ ਜ਼ੇਵਰ ਬੇਦੀ ਸਾਹਿਬ ਦੇ ਭੇਟ ਕੀਤੇ ਉਨ੍ਹਾਂ ਬੇਨਤੀ ਕੀਤੀ ਕਿ ਇਸ ਨਾਦਾਨ ਬਚੇ ਨੂੰ ਆਪਣਾ ਪੁਤਰ ਜਾਣ ਕੇ ਇਸਦੀ ਸਹਾਇਤਾ ਕਰੋ। ਬੇਦੀ ਸਾਹਿਬ ਨੇ ਉਨ੍ਹਾਂ ਦਾ ਭੇਟਾ

ਸਾਹਿਬ ਉੱਤੇ ਸੱਚਾ ਵਿਸ਼ਵਾਸ ਅਤੇ ਸ਼ਰਧਾ ਰਖਦਾ ਸੀ, ਕਈ ਵਾਰ ਆਪਨੇ ਪਿਤਾ ਨੂੰ ਸਮਝਾਇਆ, ਪਰ ਉਹ ਠੀਕ ਰਾਹ ਤੇ ਨਾ ਆਇਆ। ਗੱਜਾ ਸਿੰਘ ਸੱਚੇ ਦਿਲੋਂ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕਿ ਮੈਂ ਸਾਰੀ ਉਮਰ ਆਪਦੇ ਚਰਨ ਕੰਵਲਾਂ ਤੋਂ ਜੁਦਾ ਨਹੀਂ ਹੋਵਾਂਗਾ। ਗੁਰੂ ਸਾਹਿਬ ਨੇ ਉਸ ਉੱਤੇ ਕਿਰਪਾ ਦ੍ਰਿਸ਼ਟੀ ਕੀਤੀ। ਫੇਰ ਗੁਰੂ ਸਾਹਿਬ ਸ਼ਿਕਾਰ ਖੇਡਦੇ ਹੋਏ ਅਨੰਦਪੁਰ ਸਾਹਿਬ ਵਲ ਤੁਰ ਪਏ। ਰਾਹ ਵਿਚ ਇਕ ਵੱਡੇ ਸ਼ੇਰ ਨਾਲ ਟਾਕਰਾ ਹੋਇਆ। ਗੁਰੂ ਸਾਹਿਬ ਨੇ ਉਸ ਨੂੰ ਤਲਵਾਰ ਨਾਲ ਪਾਰ ਬੁਲਾਇਆ ਅਤੇ ਸਿੰਘ ਇਸ ਦੀ ਲਾਸ਼ ਚੁਕਕੇ ਅਨੰਦਪੁਰ ਸਾਹਿਬ ਲੈ ਗਏ। ਸੰਮਤ 1846 ਦਾ ਹੋਲਾ ਅਨੰਦਪੁਰ ਵਿਚ ਹੀ ਮਨਾਇਆ।

ਫੇਰ ਮਾਝੇ ਦੀ ਸੈਰ ਦਾ ਮਨ ਬਣਿਆ। ਰਾਹ ਵਿਚ ਦੁਆਬੇ ਦੀ ਸੰਗਤ ਨੂੰ ਦਰਸ਼ਨ ਦਿਤੇ। ਉਸ ਇਲਾਕੇ ਦੇ ਸਾਰੇ ਸਿਖ ਸਰਦਾਰ ਭੇਟਾ ਪੇਸ਼ ਕਰਦੇ ਰਹੇ। ਸ: ਦਸੌਂਦਾ ਸਿੰਘ ਸੇਵਾ ਵਿਚ ਹਾਜਰ ਹੋ ਕੇ ਦੱਖਣੀ ਸਰਾਂ ਵਿਚ ਲੈ ਗਿਆ ਅਤੇ ਦਸ ਦਿਨ ਤਕ ਡੇਰਾ ਉਥੇ ਹੀ ਰਿਹਾ। ਗੁਰੂ ਸਾਹਿਬ ਦੀ ਵਦਾਇਗੀ ਸਮੇਂ ਸਰਦਾਰ ਸਾਹਬਿ ਨੇ ਘੋੜੇ ਤੇ ਬਹੁਤ ਸਾਰੀ ਮਾਇਆ ਭੇਟ ਕੀਤੀ।

ਏਥੋਂ ਗੁਰੂ ਸਾਹਿਬ ਡੇਰਾ ਬਾਬਾ ਨਾਨਕ ਪੁਜੇ। ਸਾਰੇ ਛੋਟੇ ਵਡੇ ਬੇਦੀ ਸਾਹਿਬਾਨ ਸੇਵਾ ਵਿਚ ਹਾਜ਼ ਹੋਏ ਅਤੇ ਉਨ੍ਹਾਂ ਦੇ ਸੁਭਾਗ ਅਤੇ ਲੰਗਰ ਨੂੰ ਵੇਖ ਕੇ ਬੜੇ ਪ੍ਰਸੰਨ ਹੋਏ। ਬਾਬਾ ਜਾਗੀਰ ਚੰਦ, ਜੋ ਗੁਰੂ ਸਾਹਿਬ ਦਾ ਭਰਾ ਲਗਦਾ ਸੀ, ਆਇਆ ਅਤੇ ਪਲੰਗ ਉਤੇ ਬਰਾਬਰ ਬਹਿ ਗਿਆ। ਦੋ ਘੜੀ ਮਗਰੋਂ ਜਦ ਉਹ ਵਾਪਸ ਡੇਰੇ ਗਿਆ ਤਾਂ ਏਨਾ ਰੋਗੀ ਹੋਇਆ ਕਿ ਮਰਨ ਕਰੀਬ ਹੋ ਗਿਆ। ਫੇਰ ਆਪਣੇ ਅਪਰਾਧ ਨੂੰ ਯਾਦ ਕਰਕੇ ਮਾਫੀ ਮੰਗੀ। ਇਹ ਗੱਲ ਸਾਰੇ ਬੇਦੀ ਬੰਸ਼ ਵਿਚ ਫੈਲ ਗਈ ਅਤੇ ਸਾਰੇ ਬੇਦੀ ਸਾਹਿਬਾਨ ਨੇ ਸਨਮਾਨ ਕੀਤਾ। ਉਸ ਸਮੇਂ ਤੋਂ ਕੋਈ ਵੀ ਬੇਦੀ ਭਾਵੇਂ ਉਹ ਕਿੰਨਾ ਹੀ ਬੁਢਾ ਹੁੰਦਾ ਗੁਰੂ ਸਾਹਿਬ ਦ ਬਰਾਬਰ ਨਾ ਬਹਿੰਦਾ। ਗੁਰੂ ਸਾਹਿਬ ਨੇ ਦਰਬਾਰ ਵਿਚ ਹਾਜ਼ਰ ਹੋ ਕੇ ਆਪਣੀ ਬਰਾਦਰੀ ਲਈ ਅਰਦਾਸ ਅਤੇ ਭਟਾ ਕੀਤੀ। ਗੁਰੂ ਸਾਹਿਬ 3 ਬਿਨ ਉਥੇ ਰਹਿ ਕੇ ਨਨਕਾਣਾ ਸਾਹਿਬ ਵਲ ਚਲ ਪਏ। ਬਾਰ ਦੇ ਇਲਾਕੇ ਵਿਚ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕੀਤੇ ਅਤੇ ਭੇਟਾ ਪੇਸ਼ ਕੀਤੀ। ਉਥੇ ਵੀ ਤਿੰਨ ਦਿਨ ਠਹਿਰ ਕੇ ਗੁਜਰਾਂਵਾਲੇ ਆਏ। ਉਨ੍ਹਾਂ ਹੀ ਦਿਨਾਂ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਪਿਤਾ ਸ: ਮਹਾਂ ਸਿੰਘ ਸੰਮਤ 1847 ਮੁਤਾਬਿਕ ਸੰਨ 1790 ਈ. ਵਿਚ ਚਲਾਣਾ ਕਰ ਗਿਆ ਸੀ। ਇਥੋਂ ਗੂਰੂ ਸਾਹਿਬ ਰਾਮ ਨਗਰ ਚਲੇ ਗਏ। ਮਹਾਰਾਜਾ ਰਣਜੀਤ ਸਿੰਘ ਵੀ ਇਨ੍ਹਾਂ ਹੀ ਦਿਨਾਂ ਵਿਚ ਰਾਮ ਨਗਰ ਦੇ ਨੇੜੇ ਮਿਆਨੀ ਵਿਚ ਠਹਿਰੇ ਹੋਏ ਸਨ ਅਤੇ ਉਨ੍ਹਾਂ ਦੇ ਵਿਰੋਧੀ ਸਰਦਾਰ ਉਨ੍ਹਾਂ ਦਾ ਕੰਮ ਖਰਾਬ ਕਰਨ ਤੇ ਲਗੇ ਹੋਏ ਸਨ।

ਮਹਾਰਾਜਾ ਸਾਹਿਬ ਗੁਰੂ ਸਾਹਿਬ ਦੇ ਆਉਣ ਦੀ ਸ਼ੁਭ ਖਬਰ ਸੁਣ ਕੇ ਉਨ੍ਹਾਂ ਦੀ ਸੇਵਾ 'ਚ ਹਾਜ਼ਰ ਹੋਏ ਮਹਾਰਾਜਾਂ ਸਾਹਿਬ ਦੀ ਮਾਤਾ ਨੇ ਬਹੁਤ ਸਾਰਾ ਗਹਿਣਾ ਅਤੇ ਰਾਣੀ ਮਹਿਤਾਬ ਕੌਰ ਨੇ ਛਾਤੀ ਦੇ ਜ਼ੇਵਰ ਬੇਦੀ ਸਾਹਿਬ ਦੇ ਭੇਟ ਕੀਤੇ ਉਨ੍ਹਾਂ ਬੇਨਤੀ ਕੀਤੀ ਕਿ ਇਸ ਨਾਦਾਨ ਬਚੇ ਨੂੰ ਆਪਣਾ ਪੁਤਰ ਜਾਣ ਕੇ ਇਸਦੀ ਸਹਾਇਤਾ ਕਰੋ। ਬੇਦੀ ਸਾਹਿਬ ਨੇ ਉਨ੍ਹਾਂ ਦਾ ਭੇਟਾ

ਕੀਤਾ ਹੋਇਆ ਸਾਰਾ ਸਾਮਾਨ ਵਾਪਸ ਕਰ ਦਿਤਾ ਅਤੇ ਕਿਹਾ ਕਿ ਅਸੀਂ ਅਜਿਹੇ ਨਹੀਂ ਜੋ ਆਪਣੀ ਸੰਗਤ ਦੇ ਗਹਿਣੇ ਉਤਾਰ ਲਈਏ। ਇਹ ਜਿਸਦਾ ਗਹਿਣਾ ਹੈ ਉਹ ਉਸੇ ਨੂੰ ਮੁਬਾਰਕ ਹੋਵੇ ਤੁਸੀਂ ਤੁਸੀਂ ਤਸੱਲੀ ਰਖੋ ਕਿ ਕੋਈ ਵੈਰੀ ਤੁਹਾਡੇ ਪੁਤਰ ਉਤੇ ਹੱਥ ਨਹੀਂ ਪਾ ਸਕੇਗਾ। ਇਹ ਸਾਰੇ ਵੈਰੀਆਂ ਤੇ ਭਾਰੂ ਅਤੇ ਵਿਜੇਈ ਹੋਵੇਗਾ। ਉਸ ਵੇਲੇ ਦੇ ਹਾਜ਼ਰ ਇਤਬਾਰੀ ਬੰਦਿਆਂ ਤੋਂ ਪਤਾ ਲਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਅਤੇ ਸੁਪਤਨੀ ਬੇਦੀ ਸਾਹਬ ਦੀ ਸੇਵਾ ਵਿਚ ਹਾਜ਼ਰ ਰਹੀਆਂ ਅਤੇ ਲੰਗਰ ਦੇ ਭਾਂਡੇ ਸੰਦਣ ਅਤੇ ਆਟਾ ਪੀਹਣ ਦੀ ਸੇਵਾ ਸਚੇ ਦਿਲੋਂ ਕਈ ਦਿਨ ਨਿਬਾਉਂਦੀਆਂ ਰਹੀਆਂ।

ਇਕ ਦਿਨ ਸਰਦੀ ਦੀ ਰੁਤ ਵਿਚ ਵਰਖਾ ਪੈ ਰਹੀ ਸੀ। ਮਹਾਰਾਜਾ ਰਣਜੀਤ ਸਿੰਘ ਸਰਦੀ ਦੇ ਕਸ਼ਟ ਤੋਂ ਤੰਗ ਆ ਕੇ ਬੇਦੀ ਸਾਹਿਬ ਦੇ ਪਲੰਗ ਹੇਠ ਲੁਕ ਗਏ। ਬੇਦੀ ਸਾਹਿਬ ਨੇ ਬੜੀ ਕਿਰਪਾ ਕਰਕੇ ਆਪਣੇ ਉਤੋਂ ਇਕ ਰੇਸ਼ਮੀ ਖੇਸ ਜੋ ਉਨ੍ਹਾਂ ਨੂੰ ਪਟਿਆਲੇ ਵਲੋਂ ਸਰੋਪਾ ਨਾਲ ਮਿਲਿਆ ਸੀ, ਮਹਾਰਾਜਾ ਸਾਹਿਬ ਉਤੇ ਪਾ ਦਿਤਾ। ਕੁਝ ਦਿਨ ਉਥੇ ਰਹਿ ਕੇ ਮਹਾਰਾਜਾ ਸਾਹਿਬ ਆਪਣੀ ਮਾਤਾ ਅਤੇ ਸੁਪਤਨੀ ਸਹਿਤ ਵਿਦਾ ਹੋਏ।

ਸਰਦਾਰ ਦਲ ਸਿੰਘ ਅਤੇ ਜੋਧ ਸਿੰਘ ਨੇ ਜੋ ਮਹਾਰਾਜਾ ਸਾਹਿਬ ਦੇ ਵੈਰੀ ਸਨ, ਜਦ ਬੇਦੀ ਸਾਹਿਬ ਦਾ ਮੇਲ ਜੋਲ ਮਹਾਰਾਜਾ ਨਾਲ ਹੋਇਆ, ਤਾਂ ਉਹ ਬੇਦੀ ਸਾਹਿਬ ਨਾਲ ਗੁਸੇ ਹੋ ਗਏ। ਸਗੋਂ ਇਹ ਵਿਉਂਤ ਬਣਾਈ ਕਿ ਰਾਤ ਦੇ ਸਮੇਂ ਬੇਦੀ ਸਾਹਿਬ ਦੇ ਡੇਰੇ ਤੋਂ ਸਾਰਾ ਮਾਲ ਅਸਬਾਬ ਲੁਟ ਲਿਆ ਜਾਵੇ। ਇਕ ਸਰਦਾਰ ਗੱਜਾ ਸਿੰਘ ਨਾਮਕ ਨੇ, ਜੋ ਉਨ੍ਹਾਂ ਨਾਲ ਮਿਲਿਆ ਹੋਇਆ ਸੀ, ਗੁਪਤ ਤੌਰ ਤੇ ਇਹ ਖਬਰ ਗੁਰ ਸਾਹਿਬ ਦੀ ਸੇਵਾ ਵਿਚ ਪੁਚਾ ਦਿਤੀ। ਜਦ ਅੱਧੀ ਰਾਤ ਹੋਈ ਬੇਸਮਝ ਵੈਰੀਆਂ ਨੇ ਆਪਣੀ ਫੌਜ ਦੇ ਦੋ ਭਾਗ ਕਰਕੇ, ਡੇਰੇ ਦੇ ਦੋਵੇਂ ਪਾਸੇ ਸਥਾਪਤ ਕਰਕੇ ਹਜ਼ੂਰ ਦੇ ਡੇਰੇ ਤੇ ਹੱਲਾ ਕਰ ਦਿੱਤਾ। ਪਰਮਾਤਮਾ ਦਾ ਅਜਿਹਾ ਭਾਣਾ ਹੋਇਆ ਕਿ ਉਸ ਹਨੇਰੀ ਰਾਤ ਵਿਚ ਫੌਜ ਦੇ ਦੋਵੇਂ ਭਾਗਾਂ ਦੀ ਟੱਕਰ ਹੋ ਗਈ ਅਤੇ ਇਕ ਦੂਜੇ ਨੂੰ ਪਛਾਣਨ ਤੋਂ ਬਿਨਾਂ ਹੀ ਕਤਲ ਹੋ ਗਏ। ਇਨ੍ਹਾਂ ਸਰਦਾਰਾਂ ਤੋਂ ਪਿੱਛੋਂ ਇਨ੍ਹਾਂ ਦੇ ਡੇਰਿਆਂ ਅਤੇ ਤਬੂਆਂ ਨੂੰ ਅੱਗ ਲਗ ਗਈ। ਕਹਿੰਦੇ ਹਨ ਕਿ ਗੱਜਾ ਸਿੰਘ, ਜੋ ਗੁਰੂ ਸਾਹਿਬ ਦਾ ਸ਼ਰਧਾਲੂ ਸੀ, ਦਾ ਹੀ ਡੇਰਾ ਬਚਿਆ। ਜਦ ਉਹ ਸਰਦਾਰ ਆਪਣੀ ਫੌਜ ਸਹਿਤ ਵਾਪਸ ਆਪਣੇ ਡੇਰਿਆਂ ਵਿਚ ਗਏ, ਤਾਂ ਇਨ੍ਹਾਂ ਨੂੰ ਪਤਾ ਲਗਾ ਕਿ ਇਹ ਸਾਰੀ ਖਰਾਬੀ ਗੁਰੂ ਸਾਹਿਬ ਦੇ ਸੇਵਕਾਂ ਦਾ ਸਨਮਾਨ ਨਾ ਕਰਨ ਅਤੇ ਉਨ੍ਹਾਂ ਨਾਲ ਟਾਕਰਾ ਕਰਨ ਕਰਕੇ ਹੋਈ। ਸਾਰੇ ਸਰਦਾਰ ਘਬਿਆਏ ਅਤੇ ਸ਼ਰਮਿੰਦਾ ਹੋਏ। ਦੂਜੇ ਦਿਨ ਉਹ ਇਕੱਠੇ ਹੋ ਕੇ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਆਪਣੇ ਅਪਰਾਧ ਦੀ ਮੁਆਫੀ ਮੰਗੀ। ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਵੀ ਉਥੇ ਹਾਜ਼ਰ ਸਨ। ਬੇਦੀ ਸਾਹਿਬ ਨੇ ਕਿਹਾ ਕਿ ਕੋਈ ਮਹਾਰਾਜਾ ਰਣਜੀਤ ਸਿੰਘ ਨਾਲ ਬਦਨੀਤੀ ਅਤੇ ਬੇਵਫਾਈ ਕਰੇਗਾ, ਉਹ ਆਪ ਹੀ ਬਰਬਾਦ ਹੋ ਜਾਏਗਾ। ਉਨ੍ਹਾਂ ਫੇਰ ਕਿਹਾ ਕਿ ਤੁਸੀਂ ਜਾਣ ਲਓ ਕਿ ਮਹਾਰਾਜਾ ਸਾਹਿਬ ਉਤੇ ਸ੍ਰੀ ਅਕਾਲ ਪੁਰਖ ਦੀ ਓਟ ਹੈ।

ਇਸ ਉਪਰੰਤ ਗੁਰੂ ਸਾਹਿਬ ਦਰਿਆ ਪਾਰ ਕਰਕੇ ਮਾਂਗਟ ਦੇ ਜੰਗਲ ਵਿਚ ਸ਼ਿਕਾਰ ਖੇਡਣ ਲਈ ਗਏ ਉਹ ਉਥੇ ਸ਼ਿਕਾਰ ਖੇਡ ਰਹੇ ਸਨ, ਤਾਂ ਉਨ੍ਹਾਂ ਦੇ ਪੁਰਾਣੇ ਸੇਵਕ ਸੁਰਜਣ ਸਿੰਘ

ਮਾਰਵਾਹਿਆ ਘੋੜੇ ਚੜ੍ਹਿਆ ਸਵਾਰ ਬੰਦੂਕ ਭਰੀ ਉਥੇ ਹਾਜ਼ਰ ਸੀ, ਅਚੇਤ ਹੀ ਉਸ ਦੀ ਬੰਦੂਕ ਚਲ ਪਈ ਅਤੇ ਗੁਰੂ ਸਾਹਿਬ ਦੀ ਬਾਂਹ ਵਿਚ ਲਗ ਗਈ। ਇਸ ਅਪਰਾਧ ਤੋਂ ਉਹ ਬਹੁਤ ਡਰਿਆ। ਗੁਰੂ ਸਾਹਿਬ ਨੇ ਉਸ ਦੀ ਬੇਕਸੂਰੀ ਨੂੰ ਵਿਚਾਰਦੇ ਹੋਏ ਉਸ ਨੂੰ ਤਸੱਲੀ ਦਿਤੀ। ਕੁਝ ਦਿਨਾਂ ਵਿਚ ਉਨ੍ਹਾਂ ਦਾ ਘਾਉ ਠੀਕ ਹੋ ਗਿਆ। ਪੰਨੂੰ ਨਿਵਾਸੀ ਭਾਈਆਂ ਅਤੇ ਪੋਤਿਆਂ, ਜਿਨਾਂ ਕੋਲ ਗੁਰੂ ਅਰਜਨ ਸਾਹਿਬ ਦੇ ਸਮੇਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਦੂਜੀ ਨਕਲ ਸੀ, ਦੀ ਬੇਨਤੀ ਨੂੰ ਪ੍ਰਵਾਨਦੇ ਹੋਏ, ਉਨ੍ਹਾਂ ਦੇ ਪਿੰਡ ਗਏ। ਕੜਾਹ ਪਰਸ਼ਾਦ ਕਰਵਾਕੇ ਬਹੁਤ ਸਾਰਾ ਰੁਪੱਈਆ ਗੁਰੂ ਗ੍ਰੰਥ ਸਾਹਿਬ ਦੇ ਭੇਟਾ ਕੀਤਾ। ਭਾਈਆਂ ਨੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਡੇਰੇ ਦੀ ਸੇਵਾ ਕੀਤੀ। ਆਲੇ ਦੁਆਲੇ ਦੇ ਪਿੰਡਾਂ ਦੀ ਸੰਗਤ ਹਾਜ਼ਰ ਹੋਈ ਅਤੇ ਬਹੁਤ ਭੇਟ ਚੜ੍ਹੀ। ਆਲੇ ਦੁਆਲੇ ਦੇ ਮੁਸਲਮਾਨ, ਗੁਰੂ ਸਾਹਿਬ ਦੇ ਮਾਲ ਅਸਬਾਬ ਵੇਖ ਕੇ, ਰਾਤ ਵੇਲੇ ਗੁਰੂ ਸਾਹਿਬ ਦਾ ਡੇਰਾ ਲੁੱਟਣ ਲਈ ਆ ਪਏ, ਪਰ ਸਾਰੇ ਅੰਨ੍ਹੇ ਹੋ ਗਏ। ਸਵੇਰ ਵੇਲੇ ਸਾਰੇ ਭੇਟਾ ਲੈ ਕੇ ਹਾਜ਼ਰ ਹੋਏ ਅਤੇ ਰਾਤ ਦੇ ਅਪਰਾਧ ਨੂੰ ਸਾਫ ਤੌਰ ਤੇ ਮੰਨਿਆ। ਉਥੋਂ ਚਲ ਕੇ ਗੁਰੂ ਸਾਹਿਬ ਨੇ ਪਿੰਡ ਬੜੀ ਵਿਚ ਡੇਰਾ ਕੀਤਾ। ਆਦਮੀਆਂ ਦੇ ਇਕੱਠ ਅਤੇ ਭਾਰੀ ਸੰਗਤ ਦੇ ਕਾਰਨ ਖੂਹ ਦਾ ਪਾਣੀ ਮੁੱਕ ਗਿਆ ਲੋਕਾਂ ਨੂੰ ਕਸ਼ਟ ਹੋਣ ਲਗਾ। ਲਾਂਗਰੀਆਂ ਨੇ ਵੀ ਬੇਨਤੀ ਕੀਤੀ। ਬੇਦੀ ਸਾਹਿਬ ਨੇ, ਉਨ੍ਹਾਂ ਦੇ ਕਸ਼ਟ ਨਿਵਾਰਨ ਲਈ ਆਪਣੀ ਖ਼ਾਸ ਗੜਵੀ ਦਾ ਪਾਣੀ ਉਸ ਖੂਹ ਵਿਚ ਪਾਇਆ। ਤੁਰਤ ਪਾਣੀ ਚੜ੍ਹ ਆਇਆ। ਇਹ ਗਲ ਸਾਰੇ ਦੇਸ਼ ਵਿਚ ਫੈਲ ਗਈ।

ਪਿੰਡ ਮਿਆਨੀ ਵਿਚ ਭਾਈ ਦੁਖਭੰਜਨ ਅੱਢਣ ਸ਼ਾਹੀ ਸਾਧ ਨੇ ਬੇਦੀ ਸਾਹਿਬ ਲਈ ਪਰਸ਼ਾਦ ਤਿਆਰ ਕਰਵਾਇਆ ਅਤੇ ਬੇਨਤੀ ਕੀਤੀ ਹਜ਼ੂਰ ਥੋੜੇ ਆਦਮੀ ਨਾਲ ਲੈ ਕੇ ਪਰਸ਼ਾਦ ਛਕ ਕੇ ਮੇਰੀ ਮੁਰਾਦ ਪੂਰੀ ਕਰੋ। ਬੇਦੀ ਸਾਹਿਬ ਨੇ ਹੁਕਮ ਦਿਤਾ ਕਿ ਸਾਰਾ ਹੀ ਸੌ ਸਵਾ ਸੌ ਆਦਮੀਆਂ ਲਈ ਪਰਸ਼ਾਦ ਤਿਆਰ ਕਰਨਾ। ਸਾਧ ਨੇ ਓਨਾ ਹੀ ਪਰਸ਼ਾਦ ਤਿਆਰ ਕਰਵਾਇਆ। ਜਦ ਉਹ ਗੁਰੂ ਸਾਹਿਬ ਨੂੰ ਲੈਣ ਲਈ ਆਇਆ, ਤਾਂ ਗੁਰੂ ਸਾਹਿਬ ਦੇ ਪਿੱਛੇ ਇਕ ਹਜ਼ਾਰ ਆਦਮੀ ਤੁਰ ਪਿਆ ਅਤੇ ਸਾਧ ਦੇ ਘਰ ਇਕੱਠੇ ਹੋ ਗਏ। ਬੇਦੀ ਸਾਹਿਬ ਨੇ ਉਸ ਨੂੰ ਤਸੱਲੀ ਦੇ ਕੇ ਕਿਹਾ ਭਾਈ ਦੁਖ ਭੰਜਨ, ਕੋਈ ਪਰਵਾਹ ਨਹੀਂ, ਵਾਹਿਗੁਰੂ ਦਾ ਨਾਂ ਲੈ ਕੇ ਲੰਗਰ ਵਰਤਾਓ ਅਤੇ ਜਿਤਨਾ ਕੋਈ ਮੰਗੇ ਦਿਓ। ਸਾਰਿਆਂ ਨੂੰ ਆਪਣੀ ਆਪਣੀ ਲੋੜ ਅਨੁਸਾਰ ਪਰਸ਼ਾਦ ਮਿਲਿਆ, ਫੇਰ ਵੀ ਉਸ ਸਾਧ ਨੇ ਜਿੰਨਾ ਪਹਿਲਾਂ ਤਿਆਰ ਕੀਤਾ ਸੀ, ਓਨਾ ਬਚ ਰਿਹਾ।

ਫੇਰ ਗੁਰੂ ਸਾਹਿਬ ਪਿੰਡ ਦਾਦਨ ਖਾਂ ਪਹੁੰਚੇ। ਇਥੋਂ ਦਰਿਆ ਤੋਂ ਪਾਰ ਲੰਘੇ। ਭਾਈ ਭਾਗ ਸਿੰਘ ਕੁਰੀਵਾਲਾ ਜੋ ਫਰ ਗੁਰ ਭਾਈ ਬੀਰ ਸਿੰਘ ਜੀ ਦੇ ਹੋਏ ਸਨ, ਸੇਵਾ ਵਿਚ ਹਾਜ਼ਰ ਹੋਏ। ਗੁਰੂ ਸਾਹਿਬ ਨੇ ਉਨਾਂ ਦਾ ਵਿਸ਼ਵਾਸ, ਅਤੇ ਵੈਰਾਗ ਵੇਖ ਕੇ ਉਨ੍ਹਾਂ ਨੂੰ ਉਪਦੇਸ਼ ਦਿਤਾ। ਉਥੇ ਹੀ ਮਹਾਰਾਜਾ ਰਣਜੀਤ ਸਿੰਘ ਆ ਗਏ। ਉਨ੍ਹਾਂ ਬੇਨਤੀ ਕੀਤੀ ਕਿ ਮਖਿਆਲਾ ਗੜ੍ਹ ਬੜੇ ਸਮੇਂ ਤੋਂ ਸਰ ਨਹੀਂ ਹੋਇਆ। ਬੜੀ ਸਰਕਾਰ ਨੇ ਵੀ ਬੜੀ ਲੜਾਈ ਕੀਤੀ ਸੀ, ਪਰ ਸਫਲਤਾ ਪ੍ਰਾਪਤ ਨਹੀਂ ਹੋਈ। ਆਪ ਕਿਰਪਾ ਪੂਰਬਕ ਸਹਾਇਤਾ ਕਰ, ਤਾਂ ਜੋ ਫਤਹਿ ਹੋ ਜਾਏ। ਬੇਦੀ

ਸਾਹਿਬ ਨੇ ਆਪ ਯੁੱਧ ਕਰਕੇ ਉਕਤ ਕਿਲੇ ਨੂੰ ਫਤਿਹ ਕੀਤਾ ਅਤੇ ਵਿਰੋਧੀ ਫੌਜ ਅਧੀਨ ਹੋ ਗਈ। ਉਹ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੇ ਹਵਾਲੇ ਕਰ ਦਿਤਾ। ਇਸੇ ਤਰਾਂ ਸ਼ਹੀਦਾਂ ਵਾਲੀ ਨੂੰ ਵੀ ਫਤਿਹ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਦੇ ਦਿਤਾ। ਫੇਰ ਮਹਾਰਾਜਾ ਸਾਹਿਬ ਨੇ ਬੇਨਤੀ ਕੀਤੀ ਕਿ ਆਪ ਰਾਮ ਨਗਰ ਵਿਚ ਦਰਸ਼ਨ ਦਿਓ। ਗੁਰੂ ਸਾਹਿਬ ਸਰਦਾਰ ਕਰਮ ਸਿੰਘ ਅਤੇ ਆਲਾ ਸਿੰਘ ਦੀ ਬੇਨਤੀ ਨੂੰ ਪ੍ਰਵਾਨਦੇ ਹੋਏ ਕੁੰਜਾਹ ਗਏ, ਫੇਰ ਉਥੋਂ ਰਾਮ ਨਗਰ ਪਹੁੰਚੇ।

ਮਹਾਰਾਜਾ ਰਣਜੀਤ ਸਿੰਘ ਪਹਿਲਾਂ ਹੀ ਉਥੇ ਮੌਜੂਦ ਸਨ। ਗੁਰੂ ਸਾਹਿਬ ਦੇ ਉਥੇ ਦਰਸ਼ਨ ਦੇਣ ਉਤੇ ਬਹੁਤ ਪ੍ਰਸੰਨ ਹੋਏ। ਕੁਝ ਦਿਨ ਉਥੇ ਰਹਿਕੇ ਦੇਹਰਾ ਸਾਹਿਬ ਦੇ ਦਰਸ਼ਨਾਂ ਦਾ ਮਨ ਬਣਾਇਆ। ਮਹਾਰਾਜਾ ਸਾਹਿਬ ਨੇ ਬੇਨਤੀ ਕੀਤੀ ਕਿ ਜੇ ਹਜ਼ੂਰ ਹੁਕਮ ਬਖਸ਼ ਤਾਂ ਮੈਂ ਪੋਠੋਹਾਰ ਦੇ ਇਲਾਕੇ ਨੂੰ ਫਤਹਿ ਕਰ ਲਵਾਂ। ਗੁਰੂ ਸਾਹਿਬ ਨੇ ਆਗਿਆ ਦੇ ਦਿਤੀ।

ਦੂਜੇ ਹੀ ਦਿਨ ਸਵੇਰੇ ਮਹਾਰਾਜਾ ਸਾਹਿਬ ਪੋਠੋਹਾਰ ਵੱਲ ਤੁਰ ਪਏ। ਗੁਰੂ ਸਾਹਿਬ ਦੇਹਰਾ ਸਾਹਿਬ ਚਲੇ ਗਏ। ਉਥੇ ਦਰਸ ਅਤੇ ਪੂਜਾ ਭੇਟ ਕਰਕੇ ਵਾਪਸ ਆਏ। ਦੁਆਬੇ ਵਿਚ ਪਿੰਡ ਬਾੜੀਆਂ ਵਿਚੋਂ ਲੰਘਦੇ ਹੋਏ ਊਨਾ ਸਾਹਿਬ ਵਿਚ ਆਏ।

ਕੁਝ ਸਮੇਂ ਉਪਰੰਤ ਜੁਆਲਾਮੁਖੀ ਅਤੇ ਕਾਂਗੜਾ ਦੀ ਸੈਰ ਕੀਤੀ ਅਤੇ ਮੁੜਕੇ ਊਨਾ ਆ ਗਏ। ਕੁਝ ਦਿਨ ਬੰਦ ਲੜੀ ਠਹਿਰਕੇ ਅਨੰਦਪੁਰ ਸਾਹਿਬ ਪਹੁੰਚੇ। ਦੀਵਾਨ ਪ੍ਰਧਾਨ ਸਿੰਘ ਅਤੇ ਦੀਵਾਨ ਜਵਾਹਰ ਸਿੰਘ ਦਾਸ ਦੇ ਦਾਦਾ ਅਤੇ ਪਿਤਾ ਅਨੰਦਪੁਰ ਸਾਹਿਬ ਰਹਿੰਦੇ ਸਨ ਅਤੇ ਉਨਾਂ ਦਾ ਮਕਾਨ ਦਰਸ਼ਣੀ ਦਰਵਾਜੇ ਦੇ ਸਾਹਮਣੇ ਦੇਹਰਾ ਗੁਰੂ ਤੇਗ ਬਹਾਦਰ ਦੇ ਇਹਾਤੇ ਵਿਚ ਸੀ। ਉਨ੍ਹਾਂ ਨੇ ਆਪਣੇ ਘਰ ਦੇ ਨੇੜੇ, ਤਰਖਾਣਾਂ ਦੇ ਤਿੰਨ ਚਾਰ ਘਰਾਂ ਦੀ ਜ਼ਮੀਨ ਉਨਾਂ ਦੇ ਮਾਲਕਾਂ ਤੋਂ ਮੁਲ ਲੈ ਕੇ ਅਤੇ ਇਸ ਦੇ ਦੁਆਲੇ ਚਾਰ ਦੀਵਾਰੀ ਬਣਾਕੇ ਗੁਰੂ ਸਾਹਿਬ ਲਈ ਰਿਹਾਇਸ਼ੀ ਸਥਾਨ ਬਣਾ ਦਿਤਾ। ਸੰਮਤ 1851 ਮੁਤਾਬਿਕ ਸੰਨ 1794 ਈ. ਤੱਕ ਇਥੇ ਹੀ ਰਹੇ। ਗੁਰੂ ਸਾਹਿਬ ਨੇ ਇਥੇ ਆਪਣੀ ਕਰਾਮਾਤ ਦੇ ਬਹੁਤ ਚਮਤਕਾਰ ਵਿਖਾਏ। ਸਿੱਖਾਂ ਅਤੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਵਧ ਗਈ। ਇਨਾਂ ਦਾ ਵੇਰਵਾ ਪਰਸੰਗ ਵਧਣ ਦੇ ਡਰੋਂ ਛੱਡ ਦਿਤਾ ਗਿਆ ਹੈ। ਗੁਰੂ ਸਾਹਿਬ ਦਾ ਸੁਭਾਗ, ਸਨਮਾਨ ਅਤੇ ਵਡਿਆਈ ਦਿਨ ਬਦਿਨ ਵਧਦੀ ਗਈ।


## ਅਪੀਲ

ਦਰਸ਼ਨੀ ਡਿਉਢੀ, ਫਰੀ ਹਸਪਤਾਲ, ੧੦ ਪ੍ਰੈਸ ਤੇ ਲਾਇਬਰੇਰੀ
ਦੀ ਉਸਾਰੀ

ਦਮਦਮਾ ਅਸਥਾਨ ਮਨਸੂਰਾਂ ਵਿਖੇ ਸ਼ੁਰੂ ਹੈ।

ਇਸ ਕਾਰਜ ਨੂੰ ਪੂਰਾ ਕਰਨ ਲਈ ਦਸ ਲਖ ਰੁਪਏ ਦੇ ਖਰਚ ਦਾ ਅੰਦਾਜ਼ਾ ਹੈ।
ਸਭ ਸੰਗਤਾਂ ਅਗੇ ਬੇਨਤੀ ਹੈ ਕਿ ਦਿਲ ਖੋਲ੍ਹ ਕੇ ਮਾਇਆ ਦੇ ਗੱਫੇ ਭੇਜੋ
ਤੇ ਗੁਰੂ ਨਾਨਕ ਪਾਤਿਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

14 ਸਤੰਬਰ 1977 ਦੀ ਅਖਬਾਰ ਟ੍ਰਿਬਿਊਨ ਵਿਚ ਬਾਬਾ ਕਲਾ ਧਾਰੀ ਜੀ ਅਤੇ
ਬਾਬਾ ਸਾਹਿਬ ਸਿੰਘ ਜੀ ਬਾਰੇ ਇਉਂ ਲਿਖਿਆ ਹੈ :-

# The Cinderella of Himachal

By U. K. BHANOT

Una seems to be the unluck-jest town of Himachal Pradesh. Until November 1966 it was part of Punjab and remained backward because it was represented by dissidents in the ruling congress party. The Government refrained from spending anything in the area.

After it was merged in Himachal Pradesh the Government paid to attention to its development because it thought there were other areas which were more backward and needed more attention. For decades Una has lived with the problems of water shortage inadquate housing accommodation and poor sanitation.

Situated on a mound in the sprawling Doon Valley, Una is surrounded by khuds and 'choes'. Some say the word Una is a variation of Aa-Una, suggesting the coming to this place of Baba Kala Dhari, considered to be the ninth descendant of Guru Nanak Dev, for tapasya. Maharaja Ranjit Singh built the Gurdwara that stand on the site. Baba Madhusudan Singh, great grand-son of Baba Kala Dhari now occupies the "gaddi",

---

## ਤੂੰ ਹੀ ਨਿਰੰਕਾਰ !

ਨਾਮ ਦੇ ਤੁਲ ਕੁਝ ਹੋਰ ਨਹੀਂ ਤੁਲਦਾ ਨਾਮੀ ਦੀ ਵਡਿਆਈ ਏ ।
ਬੇ-ਅੰਤ ਅਥਾਹ ਅਗੋਚਰ ਰਚਨਾ ਜਿਨੇਂ ਰਚਾਈ ਏ ।
ਕਣ ਕਣ ਅੰਦਰ ਨਾਮ ਦਾ ਵਾਸਾ ਨਾਮ ਬਿਨਾਂ ਨਾ ਰਾਈ ਏ ।
ਦਿਸਦੀ ਤੇ ਅਣਦਿਸਦੀ ਦੁਨੀਆਂ ਨਾਮ ਦੇ ਵਿਚ ਸਮਾਈ ਏ ।
ਸੂਰਜ ਚੰਨ ਤਾਰਿਆਂ ਅੰਦਰ ਨਾਮ ਦੀ ਹੀ ਰੁਸ਼ਨਾਂਈ ਏ ।
ਆਣ ਜਾਣ ਦੀ ਇਸ ਜੱਗ ਅੰਦਰ ਨਾਮ ਨੇ ਖੇਡ ਬਣਾਈ ਏ ।
ਆਪੇ ਗੁਪਤ ਤੇ ਆਪੇ ਜ਼ਾਹਿਰ ਦੁਨੀਆਂ ਕਾਰੇ ਲਾਈ ਏ ।
ਰੰਗ ਬਰੰਗੇ ਮਾਇਆ ਦੇ ਇਕ ਜਾਲ 'ਚ ਦੁਨੀਆਂ ਫ਼ਾਹੀ ਏ ।
ਉੱਚਾ ਸੁੱਚਾ ਤੇ ਵਡਭਾਗੀ ਜਿਸ ਨੇ ਤੈਨੂੰ ਪਛਾਤਾ ਏ ।
ਕਹੇ ਅਵਤਾਰ ਇਹ ਨਾਮ ਵਿਹੂਣਾ ਅੰਨ੍ਹਾ ਜੱਗ ਦਾ ਖਾਤਾ ਏ ।

# ਗੁਰੂ ਨਾਨਕ ਦੇਵ ਜੀ

## ਜਦੋਂ ਲਾੜਾ ਬਣ ਕੇ ਘੋੜੀ ਚੜ੍ਹੇ

(ਸ: ਅਮਰ ਸਿੰਘ ਦੁਸਾਂਝ)

ਬਟਾਲਾ ਇਤਿਹਾਸਕ ਸ਼ਹਿਰ ਹੈ, ਸੂਰਜ, ਚੰਨ ਤੇ ਤਾਰਿਆਂ ਨੇ ਉਸ ਸੁਭਾਗ ਦਿਨ ਖੁਸ਼ੀਆਂ ਦੇ ਮੋਤੀ ਬਰਸਾਏ, ਜਿਸ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਵਾਜਿਆਂ ਗਾਜਿਆਂ ਸਹਿਤ ਸੁਲੱਖਣੀ ਜੀ ਨੂੰ ਵਿਆਉਣ ਲਈ ਤਸ਼ਰੀਫ ਲਿਆਏ।

ਉਹ ਕੰਧ ਖੜੋਤੀ ਹੈ, ਜੋ ਸੁਲਖਣੀ ਜੀ ਦੀਆਂ ਸਖੀਆਂ ਸਹੇਲੀਆਂ ਨੇ ਗੁਰੂ ਨਾਨਕ ਉਤੇ ਗਿਰਾਉਣ ਦਾ ਅਨਚਾਹਿਆ ਮਜ਼ਾਕ ਕੀਤਾ। ਸ਼ਿਕਾਵਾਦੀ ਅਕਸਰ ਕਹਿੰਦੇ ਹਨ, ਕਾਸ਼ ਗੁਰੂ ਜੀ ਸ਼ਾਦੀ ਨਾ ਕਰਦੇ।

ਉਤਰ ਅਸੀਂ ਅਲਪ ਬੁਧੀ ਵਾਲੇ ਕੀ ਦਈਏ। ਆਸਾ ਦੀ ਵਾਰ ਵਿਖੇ ਮਹਾਰਾਜ ਨੇ ਆਪ ਫੁਰਮਾਇਆ—

ਭੰਡ ਜੰਮੀਐ, ਭੰਡ ਨਿੰਮੀਐ, ਭੰਡ ਮੰਗੈ ਵਿਆਹ॥
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹ॥

ਭੰਡ ਦਾ ਅਰਥ ਹੈ ਇਸਤ੍ਰੀ! ਸਤਿਗੁਰਾਂ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਇਸਤ੍ਰੀ ਜਗਤ-ਰਚਨਾਂ ਦਾ ਮੂਲ ਆਧਾਰ ਹੈ। ਇਹ ਨਾ ਹੋਵੇ ਸੰਸਾਰ ਦੇ ਚਮਨ ਵਿਚ ਜ਼ਿੰਦਗੀ-ਰੂਪੀ ਫਲ ਫੁਲ ਨਾ ਵਿਗਸਨ! ਉਦਾਹਰਣ ਵਜੋਂ। ਸ੍ਰੀ ਗੁਰੂ ਨਾਨਕ ਦੇਵ ਦੀ ਸ਼ਾਦੀ ਨਾ ਹੁੰਦੀ ਤਾਂ ਬ੍ਰਹਮ-ਗਿਆਨੀ ਤੇ ਮਹਾਨ ਯੋਗੀ ਬਾਬਾ ਸ੍ਰੀ ਚੰਦ ਜੀ ਦਾ ਸੰਸਾਰ ਵਿਚ ਪ੍ਰਗਟਾਅ ਨਾ ਹੁੰਦਾ। ਬੇਦੀ ਵੰਸ ਦਾ ਵਿਕਾਸ ਨਾ ਹੁੰਦਾ। ਬਾਬਾ ਕਲਾਧਾਰੀ ਅਤੇ ਸਾਹਿਬ ਸਿੰਘ ਜੀ ਉਹਨਾਂ ਜਿਹੇ ਰਾਜ-ਯੋਗੀਆਂ ਦੀਆਂ ਜੀਵਨੀਆਂ ਦੇ ਚਮਤਕਾਰੇ ਤਕਣ ਤੋਂ ਨੈਣ ਵਿਰਵੇ ਰਹਿੰਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਵਿਚ ਆਏ। ਹੱਡ ਚੰਮ ਤੇ ਮਾਸ ਦੀ ਦੇਹੀ ਧਾਰਕੇ ਜਗਤ ਦੀ ਕਲਿਆਣ ਹਿਤ ਉਦਮ ਕੀਤਾ।

ਸ੍ਰੀ ਗੁਰੂ ਜੀ ਮਨੁੱਖੀ ਜਾਮੇ ਵਿਚ ਵਿਚਰਕੇ ਕੌਤਕ ਨਾ ਕਰਦੇ, ਨੂਰੀ ਢੰਗ ਨਾ ਅਪਨਾਉਂਦੇ ਫਿਰ ਸੰਸਾਰੀ ਪੁਕਾਰ ਉਠਦੇ। ਅਸੀਂ ਦੇਵਤਿਆਂ ਦੀ ਰੀਸ ਕਿਵੇਂ ਕਰ ਸਕਦੇ ਹਾਂ—ਯੋਗ ਇਹ ਸੀ ਕਿ ਮਹਾਂਪੁਰਖ ਸਾਡੇ ਵਾਂਗੂੰ ਦੇਹੀ ਦਾ ਚੋਲਾ ਪਹਿਨਕੇ ਆਉਂਦੇ ਤੇ ਸਾਨੂੰ ਰੂਹਾਨੀ ਜੀਵਨ ਬਤੀਤ ਕਰਨ ਦੀ ਵਿਉਂਤ ਤੇ ਜਾਂਚ ਬਿਆਨ ਕਰਦੇ।

ਸਿਖੀ ਦੀ ਕੇਂਦਰੀ ਵਿਚਾਰਧਾਰਾ ਇਸ ਪ੍ਰਕਾਰ ਹੈ :—

ਹਸੰਦਿਆਂ, ਖੇਲੰਦਿਆਂ, ਪਹਿਨੰਦਿਆਂ, ਖਵੰਦਿਆ, ਵਿਚਹਿ ਹੋਵੇ ਮੁਕਤ ॥ ਭਾਈ ਗੁਰਦਾਸ ਜੀ ਨੇ ਇਸ ਪ੍ਰਥਾਇ ਲਿਖਦਿਆਂ ਸਾਫ ਬਿਆਨੀ ਤੋਂ ਕੰਮ ਲਿਆ ਤੇ ਕਿਹਾ ਸਕਲ ਧਰਮ ਮਹਿ ਗ੍ਰਿਹਸਤ ਪ੍ਰਧਾਨ ਹੈ ।

ਬਟਾਲੇ ਵਿਖੇ ਗ੍ਰਹਿਸਥੀਆਂ ਦਾ ਮਹਾਨ ਇਕਠ ਹਰ ਸਾਲ ਹੁੰਦਾ ਹੈ—ਗ੍ਰਹਿਸਥੀ-ਗੁਰੂ ਨੂੰ ਗ੍ਰਹਿਸਥੀ ਸ਼ਰਧਾਲੂ ਅਦਬ ਤੇ ਸਤਿਕਾਰ ਸਹਿਤ ਸ਼ਰਧਾਜਲੀਆਂ ਅਰਪਨਿ ਕਰਦੇ ਹਨ । ਹੈ ਭੀ ਠੀਕ ।

ਬਿਹੰਗਮ, ਬ੍ਰਹਮਚਾਰੀ ਤੇ ਗੈਰ ਸ਼ਾਦੀ ਸ਼ੁਦਾ ਪ੍ਰਾਣੀ ਕ੍ਰਮੰਡਲ ਤੇ ਤੂੰਬੀ ਲੈ ਕੇ ਤੁਰਿਆ ਫਿਰੇ, ਜਿਥੇ ਭੁਖ ਲਗੇ ਦੋ ਮਧੂਕੜੀਆਂ ਸਤਿਨਾਮ ਕਹਿ ਕੇ ਲੈ ਲਵੇ ਤੇ ਉਦਰ-ਪੂਰਨ ਕਰੇ। ਇਹ ਇਕ ਮਾਰਗ ਜ਼ਰੂਰ ਹੈ । ਪ੍ਰੰਤੂ ਗ੍ਰਹਿਸਥੀ ਦਾ ਮਾਰਗ ਪ੍ਰਧਾਨ ਧਰਮ ਇਸ ਲਈ ਹੈ, ਕਿਉਂਕਿ ਉਹ ਕਿਰਤ ਕਰਦਾ ਹੈ, ਨਾਮ ਜਪਦਾ ਹੈ—ਫਿਰ ਵੰਡ ਕੇ ਛਕਦਾ ਹੈ। ਗ੍ਰਹਿਸਥੀ ਦੇ ਜੀਵਨ ਵਿਚ ਤਬੀਅਤ ਨੂੰ ਉਪਰਾਮ ਰਖਣਾ ਅਤੇ ਸੰਸਾਰ ਦੀਆਂ ਅਲੂਦਗੀਆਂ ਤੋਂ ਨਿਰਲੇਪ ਰਹਿਣਾ ਵਧੇਰੇ ਭਾਵ ਪੂਰਤ ਹੈ ।

ਸੂਰਮਗਤੀ ਬਚਿਆਂ ਤੇ ਪ੍ਰੀਵਾਰ ਵਿਚ ਬੈਠ ਕੇ ਨਾਮ ਜਪਣ ਵਿਚ ਹੈ। ਗੰਗਾ ਦੇ ਕਿਨਾਰੇ ਅਥਵਾ ਹਿਮਾਲਾ ਪਰਬਤ ਤੇ ਗੁਫਾ ਬਣਾ ਕੇ ਭਗਤੀ ਕਰਨਾ ਨਿਰਸੰਦੇਹ ਵਡਿਆਈ ਯੋਗ ਹੈ । ਪਰ ਕੰਵਲ ਫੁਲ ਵਾਂਗੂੰ ਜਲ ਵਿਚ ਰਹਿੰਦੇ ਹੋਏ 'ਜਲ ਮਹਿ ਕੰਵਲ ਅਲੇਪ' ਦੀ ਮਰਯਾਦਾ ਧਾਰਨ ਕਰਨੀ ਇਕ ਮਹਾਨ ਕਿਰਿਆ ਹੈ ਇਸਦੀ ਜਿੰਨੀ ਭੀ ਤਾਰੀਫ ਕੀਤੀ ਜਾਏ ਥੋੜ੍ਹੀ ਹੈ ।

ਹਰਮਿੰਦਰ ਸਾਹਿਬ ਦੇ ਜਦੋਂ ਅਸੀਂ ਦਰਸ਼ਨ ਕਰਦੇ ਹਾਂ, ਤਾਂ ਚਿਤ ਵਿਚ ਪ੍ਰਸੰਨਤਾ, ਤ੍ਰਿਪਤੀ ਖੇੜਾ ਤੇ ਵਿਸਮਾਦ ਪੈਦਾ ਹੁੰਦਾ ਹੈ। ਇਕ ਬਾਹੀ ਤੇ ਜਲ ਦੇ ਕੰਢ ਤੇ ਬੈਠਕੇ ਨੀਝ ਲਗਾ ਕੇ ਵੇਖੋਗੇ ਤਾਂ ਇਸ ਨਿਰਣੇ ਤੇ ਤੁਸੀਂ ਪੁਜੋਗੇ, ਕਿ ਇਨਸਾਨੀਅਤ ਦੀ ਸੰਮੂਹ ਫਿਲਾਸਫੀ ਇਸ ਪਵਿਤਰ ਜਲ ਵਿਚ ਘੁਲੀ ਹੋਈ ਹੈ ।

ਬਾਬੇ ਦਾ ਵਿਆਹ ਢੁਕਵਾਂ ਸ਼ਬਦ ਨਹੀਂ ਬਾਬਾ ਸਤਿਕਾਰ ਯੋਗ ਸ਼ਬਦ ਹੈ ਆਦਰ ਦਾ ਲਖਾਇਕ ਹੈ—ਪਰ ਬਿਰਧ ਅਵਸਥਾ ਦਾ ਭੀ ਪ੍ਰੀਤਕ ਹੈ । ਇਹ ਵਿਆਹ ਉਦੋਂ ਹੋਇਆ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਜੁਆਨ ਸਨ। ਆਓ ! ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਧਾਈਆਂ ਪੇਸ਼ ਕਰੀਏ । ਭਾਈਆ ਜੈ ਰਾਮ ਅਤੇ ਬੇਬੇ ਨਾਨਕੀ ਨੂੰ ਮੁਬਾਰਕਬਾਦ ਅਰਜ਼ ਕਰੀਏ। ਗੁਰੂ ਪੰਥ ਧੰਨਯ ਹੈ—ਜਿਸ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਥ ਧਰਮ ਵਿਚ ਬਕਾਇਦਾ ਪ੍ਰਵੇਸ਼ ਕਰਕੇ ਅਜ ਦੇ ਖੁਸ਼ ਕਿਸਮਤ ਦਿਨ ਇਹ ਸੰਦੇਸ਼ ਦਿਤਾ :—

ਗ੍ਰਹਿਸਥ ਬੁਰਾ ਨਹੀਂ, ਗ੍ਰਹਿਸਤ ਦੀਆਂ ਉਲਝਣਾ ਦਾ ਕੈਦੀ ਬਣਨਾ ਗਲਤ ਹੈ। ਗ੍ਰਹਿਸਤ ਵਿਚ ਉਦਾਸ ਰਹਿਣਾ ਸੁੰਦਰ ਬਾਤ ਹੈ। ਆਓ ! ਗ੍ਰਹਿਸਥੀ ਹੁੰਦੇ ਹੋਏ ਅਸੀਂ ਧਰਮ ਦੇ ਮਾਰਗ ਤੇ ਤੁਰਨਾ ਸਿਖੀਏ ।



ਦਰਬਾਰ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ॥
ਊਨਾ ਸਾਹਿਬ

"AJUNI" Mansuran (Ludhiana) June, July, August 1977 Regd. No. PLD-163/77

# GUR-BANSAWALI

*Sri Guru Nanak Dev Ji Maharaj*
*(Founder of Sikh Panth)*

Baba Shri Chand ji Udasi — Baba Lakhmi Chand ji

Baba Dharam Chand ji

Baba Manak Chand ji — Baba Mehar Chand ji

Baba Datar Chand ji — Baba Jagat Chand ji — Baba Hans Raj ji — Baba Anait Chand ji

B. Gurdit Chand ji — B. Pahar Chand ji — B. Tara Chand ji — B. Fatheh Chand ji — B. Udhai Chand ji

B. Harkaran Chand ji — B. Mansa Chand ji — B. Asa Chand ji — B. Suraj Singh ji

B. Nihal Chand ji — B. Harjas ji — B. Deep Chand ji — B. Sukhdev ji

Baba Kaladhari ji — Baba Lajiadhari ji

B. Koir Singh ji — B. Dharam Singh ji — B. Ajit Singh ji — B. Sagar Chand ji — B. Avtar Chand ji

Sri Hazur Baba Sahib Singh ji Bedi

Sri Baba Bishan Singh ji — Sri Baba Teg Singh ji — Sri Hazur Baba Bikrma Singh ji

Sri Baba Attar Singh ji

Sri Baba Khem Singh ji

Sri Hazur Baba Surjan Singh ji

Sri Hazur Baba Ram Kishan Singh ji

Sri Hazur Baba Devinder Singh ji

Sri Hazur Baba Madhusudan Singh
(Present Gadhi-Nashin)

Tikka Sarabjot Sing

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਬੇਦੀ ਮਨਸੂਰਾਂ (ਲੁਧਿਆਣਾ) ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ ਤੋਂ ਛਪਵਾ ਕੇ ਦਫ਼ਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ।